Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005



ਮੀਰੀ - ਪੀਰੀ, ਭਗਤੀ ਤੇ ਸ਼ਕਤੀ ਦਾ ਪ੍ਰਤੀਕ

# ਸ੍ਰੀ ਅਕਾਲ ਤਖ਼ਤ ਸਾਹਿਬ

Designed by Nindi, Amarjit

ੴ ਸਤਿਗੁਰ ਪ੍ਰਸਾਦਿ ॥

ਤੇਰਾ ਭਾਣਾ ਮੀਠਾ ਲਾਗੇ ॥
ਹਰਿ ਨਾਮ ਪਦਾਰਥ ਨਾਨਕ ਮਾਂਗੈ ॥

# ਭਾਈ ਘਨੱਈਆ ਸੇਵਾ ਜੋਤੀ

ਜੂਨ 2008



'ਸ਼ਹੀਦਾਂ ਦੇ ਸਿਰਤਾਜ'

## ਸ੍ਰੀ ਗੁਰੂ ਅਰਜਨ ਦੇਵ ਜੀ





ਭਾਈ ਜਗਤਾ ਜੀ ਸੀਨੀਅਰ ਸੈਕੰਡਰੀ ਸਕੂਲ ਅਤੇ ਭਾਈ ਆਸਾ ਸਿੰਘ ਗਰਲਜ਼ ਕਾਲਜ ਲਈ ਨਵੀਂ ਵੈਨ ਖਰੀਦੀ ਗਈ ਤੇ ਇਸ ਮੌਕੇ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ' ਅਰਦਾਸ ਸੰਪਨ ਕਰਦੇ ਹੋਏ । ਉਨ੍ਹਾਂ ਨਾਲ ਸੰਤ ਜਗਜੀਤ ਸਿੰਘ ਜੀ, ਮੈਨੇਜਰ ਸੁਰਜਨ ਸਿੰਘ ਘੁਲਿਆਣੀ ਅਤੇ ਪ੍ਰਿੰ: ਹਰਿੰਦਰ ਸਿੰਘ 'ਹਨੀ' ਬੱਚਿਆਂ ਸਮੇਤ ਨਜ਼ਰ ਆ ਰਹੇ ਹਨ ।



ਸੱਚਖੰਡ ਵਾਸੀ ਮਹੰਤ ਤੀਰਥ ਸਿੰਘ ਜੀ ਦੇ ਉੱਤਰਾਧਿਕਾਰੀ ਮਹੰਤ ਕਾਹਨ ਸਿੰਘ ਜੀ ਟਰੱਸਟ ਦੇ ਚੇਅਰਮੈਨ ਅਤੇ ਸਕੂਲ ਦੇ ਪ੍ਰਧਾਨ ਦੇ ਤੌਰ ਤੇ ਪਦਵੀ ਗ੍ਰਹਿਣ ਕਰਦੇ ਹੋਏ । ਖੱਬੇ ਤੋਂ ਮਾ: ਚਮਨ ਸਿੰਘ 'ਚਮਨ', ਪ੍ਰਿੰ: ਜਸਵਿੰਦਰ ਸਿੰਘ, ਸ. ਭਾਗ ਸਿੰਘ ਜੀ ਸਾਬਕਾ ਡਾਇਰੈਕਟਰ, ਐਚ.ਐਸ.ਮੋਖਾ ਸਹਾਇਕ ਸੈਕਟਰੀ, ਇੰਜੀ: ਹਰਬੰਸ ਸਿੰਘ ਸੰਧੂ ਟਰੱਸਟ ਤੇ ਸਕੂਲ ਦੇ ਸਕੱਤਰ ਬਾਬਾ ਜੀ ਦੇ ਪਿੱਛੇ ਖੜ੍ਹੇ ਹਨ ।

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 24ਵਾਂ   ਅੰਕ : ਛੇਵਾਂ   ਜੂਨ 2008   ਕੀਮਤ : ਅਮੁੱਲ



ਫਾਂਊਡਰ : ਸਵ: ਮਹੰਤ ਤੀਰਥ ਸਿੰਘ 'ਸੇਵਾ ਪੰਥੀ',

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ', ਫੋਨ 0164-2262012, ਮੋਬਾ: 98140-04503,

ਸਰਪ੍ਰਸਤ : ਮੀਤ ਮਹੰਤ ਬਾਬਾ ਰਣਜੀਤ ਸਿੰਘ 'ਸੇਵਾ ਪੰਥੀ', ਗੋਨਿਆਣਾ ਮੰਡੀ<br>
ਫੋਨ : 2262276, ਮੋਬਾ: 98140-35191<br>
ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ।<br>
ਸ੍ਰ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ ।

ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142<br>
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645<br>
ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ<br>
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378<br>
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ.ਐਸ. ਬਜਾਜ ਦਿੱਲੀ,<br>
ਸ੍ਰ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ ।

**ਸੰਪਾਦਕੀ ਬੋਰਡ**

ਫਾਊਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'<br>
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,M.98140-75504<br>
ਇੰਚਾਰਜ ਜਨਰਲ ਦਫਤਰ : ਮੈਡਮ ਸਤੀਸ਼ ਸ਼ਾਹਣੀ M.98884-00061,Ph. 2262051<br>
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ', ਗੁਰਮੀਤ ਕੌਰ 'ਮੀਤ'


## ਤਤਕਰਾ


| ਲੇਖ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਅਸਾੜ੍ਹ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਮੈਨੇਜਰ ਇੰਦਰਜੀਤ ਸਿੰਘ | ਕਰਨੈਲ ਸਿੰਘ ਐਮ.ਏ. | 5 |
| ਪ੍ਰੈਸ ਨੋਟ ਮਹੰਤ ਗੋਪਾਲ ਸਿੰਘ ਇੰਸਟੀਚਿਊਟ | ਡਾ. ਬ੍ਰਿਜਪਾਲ ਸਿੰਘ ਡਾਇਰੈਕਟਰ | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ | ਸੰਪਾਦਕ | 8 |
| ਸੁਖਮਨੀ ਸਾਹਿਬ ਦੀ ਲੜੀਵਾਰ ਕਥਾ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| ਲੜੀਵਾਰ ਕਥਾ ਬਾਵਨ ਅਖਰੀ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਬੰਦਾ ਸਿੰਘ ਬਹਾਦਰ | ਡਾ. ਗੁਰਬਚਨ ਸਿੰਘ | 13 |
| ਖੂਨੀ ਇਤਿਹਾਸ ਦੇ ਖੂਨੀ ਪੱਤਰੇ | ਡਾ. ਗੁਰਨਾਮ ਸਿੰਘ ਤੀਰ ਐਡਵੋਕੇਟ | 18 |
| ਗੁਰੂ ਅਰਜਨ ਦੇਵ ਜੀ | ਡਾ. ਕਰਤਾਰ ਸਿੰਘ ਸੂਰੀ | 25 |
| ਭਗਤ ਕਬੀਰ ਜੀ ਦੀ ਮਹਾਨਤਾ | ਪ੍ਰੋ: ਕਿਰਪਾਲ ਸਿੰਘ ਬਡੂੰਗਰ | 30 |
| मुंदावणी | महंत काहन सिंह 'सेवा पंथी' | |
| | हिन्दी रुप - सागर कोटकपूरा | 36 |
| ਵਰ ਘਰ | -ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਆਸਾੜੁ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਤੇਰੇ ਦਰਸ਼ਨ ਹੋਇ ਪਿਆਸ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

| | | | | |
|---|---|---|---|---|
| ਸੰਮਤ ਬਿਕ੍ਰਮੀ | 2065 | ਗੁਰਪੁਰਬ ਤੇ ਵਿਸ਼ੇਸ਼ ਦਿਵਸ ਜੂਨ 2008 | ਮੱਸਿਆ | 3 ਜੂਨ |
| ਸੰਮਤ ਨਾਨਕਸ਼ਾਹੀ | 540 | | ਪੰਚਮੀ | 8 ਜੂਨ |
| ਸੰਮਤ ਖਾਲਸਾ | 310 | | ਸੰਗ੍ਰਾਂਦ | 15 ਜੂਨ |
| ਸੰਮਤ ਸਾਕਾ | 1930 | | ਪੂਰਨਮਾਸ਼ੀ | 18 ਜੂਨ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਅਵਤਾਰ ਪੁਰਬ ਸ਼੍ਰੀ ਗੁਰੂ ਹਰਿਗੋਬਿੰਦ ਜੀ | 19 ਜੂਨ | 5 ਜੁਲਾਈ |
| ★ ਜੋਤੀ ਜੋਤ ਸ਼੍ਰੀ ਗੁਰੂ ਅਰਜਨ ਦੇਵ ਜੀ | 7 ਜੂਨ | 16 ਜੂਨ |
| ★ ਗੁਰਿਆਈ ਸ਼੍ਰੀ ਗੁਰੂ ਹਰਿਗੋਬਿੰਦ ਜੀ | ------- | 11 ਜੂਨ |
| ★ ਸਾਕਾ ਨੀਲਾ ਤਾਰਾ | 4 ਜੂਨ | 4 ਜੂਨ |
| ★ ਜਨਮ ਦਿਵਸ ਭਗਤ ਕਬੀਰ ਜੀ | 18 ਜੂਨ | 18 ਜੂਨ |
| ★ ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 29 ਜੂਨ | 29 ਜੂਨ |
| ★ ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ | ------- | 25 ਜੂਨ |

ਸੰਪਾਦਕੀ

# ਵੱਡੇ ਕੌਮੀ ਸੰਕਟਾਂ ਦੀ ਯਾਦ ਦਿਵਾਉਂਦਾ ਸਿੱਖ-ਸੰਘਰਸ਼ ਦਾ ਪ੍ਰਤੀਕ ਜੂਨ ਮਹੀਨਾ

ਗੁਰਮਤਿ ਫ਼ਲਸਫ਼ੇ ਅਨੁਸਾਰ ਸਾਲ ਦੇ ਸਾਰੇ ਮਹੀਨੇ ਚੰਗੇ ਹਨ, ਸਾਰੇ ਦਿਨ, ਸਾਰੇ ਵਾਰ ਭਲੇ ਹਨ। ਗੁਰੂ ਸਾਹਿਬਾਨ ਨੇ ਮਨੁੱਖ-ਮਾਤਰ ਅਤੇ ਖਾਸ-ਕਰਕੇ ਆਪਣੇ ਨਾਮ-ਲੇਵਾ ਸਿੱਖਾਂ ਉੱਪਰ ਇਸ ਸੰਬੰਧ ਵਿੱਚ ਇੱਕ ਸ਼ਰਤ ਜ਼ਰੂਰ ਲਾਗੂ ਕਰ ਦਿੱਤੀ ਹੈ। ਉਹ ਸ਼ਰਤ ਹੈ ਪਰਮਾਤਮਾ ਦਾ ਨਾਮ ਜਪਣਾ, ਉਸ ਦੇ ਹੁਕਮ ਨੂੰ ਸਮਝਣਾ ਅਤੇ ਮੰਨਣਾ, ਉਸ ਦੀ ਰਜ਼ਾ ਵਿੱਚ ਰਾਜ਼ੀ ਤੇ ਸੰਤੁਸ਼ਟ ਰਹਿਣਾ ਜਾਂ ਤ੍ਰਿਪਤੀ ਮਹਿਸੂਸ ਕਰਨਾ। ਕਿਉਂ ਕਿ ਨਾਨਕ-ਨਾਮ-ਲੇਵਾ ਸਿੱਖ ਆਪਣੇ ਗੁਰੂ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ, ਗੁਰੂ ਦੇ ਇਸ ਆਦੇਸ਼-ਨਿਰਦੇਸ਼ ਨੂੰ ਉਨ੍ਹਾਂ ਨੇ ਸੁਚੇਤ ਅਤੇ ਅਚੇਤ ਦੋਨਾਂ ਸਮਰਪਿਤ ਹਨ, ਗੁਰੂ ਦੇ ਇਸ ਆਦੇਸ਼-ਨਿਰਦੇਸ਼ ਨੂੰ ਉਨ੍ਹਾਂ ਨੇ ਸੁਚੇਤ ਅਤੇ ਅਚੇਤ ਦੋਨਾਂ ਮਨੋਸਥਿਤੀਆਂ 'ਚ ਬਹੁਤ ਹੱਦ ਤੱਕ ਮੰਨਿਆ, ਅਪਣਾਇਆ ਤੇ ਕਮਾਇਆ ਹੈ। ਸਿੱਖ-ਇਤਿਹਾਸ ਇਸ ਦਾ ਨਿੱਗਰ ਸਬੂਤ ਪੇਸ਼ ਕਰਦਾ ਹੈ।

ਸਿੱਖ-ਇਤਿਹਾਸ ਦੇ ਪੱਤਰਿਆਂ ਨੂੰ ਫੋਲੀਏ ਤਾਂ ਜੂਨ ਦਾ ਮਹੀਨਾ ਸਿੱਖ-ਹੋਂਦ-ਹਸਤੀ ਨੂੰ ਦਰਪੇਸ਼ ਵੱਡੇ ਕੌਮੀ ਸੰਕਟਾਂ ਦੇ ਰੂ-ਬ-ਰੂ ਅਭੁੱਲ ਕਿਹਾ ਜਾ ਸਕਦਾ ਹੈ। ਜੂਨ ਦੇ ਮਹੀਨੇ ਨਾਲ ਹੱਕ-ਸੱਚ ਖ਼ਾਤਰ ਲੜੇ ਗਏ ਸਿੱਖ-ਸੰਘਰਸ਼ ਦਾ ਬਹੁਤ ਡੂੰਘਾ ਸੰਬੰਧ ਨਜ਼ਰ ਆਉਂਦਾ ਹੈ।

ਜੂਨ ਦੇ ਮਹੀਨੇ ਹੀ ਵਕਤ ਦੀ ਕੱਟੜ ਮਜ਼ਹਬੀ, ਸੌੜੀ ਸੋਚ ਤੇ ਤੰਗ ਨਜ਼ਰ ਵਾਲੀ ਅਤਿਆਚਾਰੀ ਮੁਗ਼ਲ ਸਰਕਾਰ ਨੇ ਪਿਆਰ ਹੀ ਸਾਕਾਰ ਮੂਰਤ ਤੇ ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦਿੱਤੇ। ਜੂਨ ਮਹੀਨੇ ਦੀ ਕੜਕਦੀ ਧੁੱਪ 'ਚ ਬੇਦਰਦਾਂ ਨੇ ਅੱਗਾਂ ਬਾਲ ਕੇ, ਲੋਹ-ਤਵੀ ਤਪਾਈ ਤੇ ਗੁਰੂ ਜੀ ਨੂੰ ਉਸ ਉਪਰ ਬਿਠਾ ਕੇ ਅਥਾਹ ਸਰੀਰਿਕ ਕਸ਼ਟ ਪਹੁੰਚਾਉਣ 'ਚ ਅੱਤ ਚੁੱਕੀ। ਤਵੀ ਉੱਪਰ ਬਿਠਾ ਕੇ ਵੀ ਬਸ ਨਹੀਂ ਕੀਤੀ। ਅੱਗਾਂ ਮਚਾ ਕੇ ਕੜਾਹੀ 'ਚ ਰੇਤਾ ਗਰਮ ਕਰ ਕੇ ਤੱਤੀ ਰੇਤਾ ਦੇ ਕੜਛੇ ਭਰ-ਭਰ ਕੇ ਗੁਰੂ ਜੀ ਦੇ ਸੀਸ ਵਿੱਚ ਪਾਏ ਜਾਂਦੇ ਰਹੇ। ਗੁਰੂ ਜੀ ਨੂੰ ਉਬਲਦੇ ਖੌਲਦੇ ਪਾਣੀ 'ਚ ਬਿਠਾਇਆ ਗਿਆ, ਜਦੋਂ ਸਰੀਰ ਛਾਲੇ-ਛਾਲੇ ਹੋ ਗਿਆ ਤਾਂ ਗੁਰੂ ਜੀ ਨੂੰ ਰਾਵੀ ਦੇ ਜਲ-ਧਾਰਿਆਂ 'ਚ ਵਹਾ ਦਿੱਤਾ ਗਿਆ। ਜ਼ਾਲਮਾਂ ਨੇ ਜ਼ੁਲਮ ਦੀ ਇੰਤਹਾ ਕਰ ਛੱਡੀ। ਗੁਰੂ ਜੀ ਨੇ ਪੂਰਨ ਸ਼ਾਂਤਰਿਤ ਰਹਿ, ਕੇ ਸਭ ਕੁਝ ਸਹਿ ਲਿਆ। ਆਪਣੀ ਸ਼ਹਾਦਤ ਦੇ ਕੇ ਨਾਨਕ-ਨਾਮ-ਲੇਵਾ ਸਿੱਖਾਂ ਲਈ ਆਉਣ ਵਾਲੇ ਵਖਤਾਂ ਮਾਰੇ ਵਕਤਾਂ 'ਚ ਸਿੱਖੀ ਸਿਦਕ, ਸਿਰੜ, ਸਬਰ, ਅਡੋਲਤਾ ਤੇ ਦ੍ਰਿੜਤਾ ਦਾ ਇਕ ਜ਼ਾਬਤਾ ਕਾਇਮ ਕਰ ਗਏ, ਇੱਕ ਗਾਡੀ ਰਾਹ ਦਰਸਾ ਗਏ। ਆਉਣ ਵਾਲਾ ਸਮੁੱਚਾ ਸਿੱਖ-ਇਤਿਹਾਸ ਜੇਕਰ ਗੁਰੂ ਜੀ ਦੀ ਸੰਨ 1606 ਵਿੱਚ ਜੂਨ ਮਹੀਨੇ ਹੋਈ ਇਸ ਸ਼ਹਾਦਤ ਦੇ ਆਧਾਰ 'ਤੇ ਉੱਸਰਿਆ ਆਖ ਦਿੱਤਾ ਜਾਏ ਤਾਂ ਇਹ ਕੋਈ ਅਤਿਕਥਨੀ ਨਹੀਂ।

ਜੂਨ 1984 ਦਾ ਸਿੱਖਾਂ ਦੇ ਪਰਮ ਪਾਵਨ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਪੰਜਾਬ ਭਰ ਦੇ ਚਾਲੀ ਗੁਰਦੁਆਰਿਆਂ 'ਤੇ, ਦੇਸ਼ ਦੀ ਲੋਕਤੰਤਰੀ ਅਖਵਾਉਂਦੀ ਸਰਕਾਰ ਵੱਲੋਂ ਕੀਤਾ ਗਿਆ ਹਮਲਾ, ਸਿੱਖਾਂ ਦੇ ਕੌਮੀ ਵਜੂਦ ਨੂੰ ਡੂੰਘੀ ਸੱਟ ਮਾਰਨ ਦੇ ਕੋਝੇ ਤੇ ਕਰੂਪ ਮਨਸੂਬਿਆਂ ਦੀ ਸਪੱਸ਼ਟ ਝਲਕ ਦਿੰਦਾ ਹੈ। ਇਹ ਕਿੰਨਾ ਗਿਣਿਆ-ਮਿਥਿਆ ਤੇ ਸੋਚਿਆ-ਵਿਚਾਰਿਆ ਨਿਯੋਜਤ ਹਮਲਾ ਸੀ

ਇਸ ਸੰਬੰਧੀ ਸੱਚ ਹੌਲੀ-ਹੌਲੀ ਦੁਨੀਆਂ ਦੇ ਸਾਹਮਣੇ ਜ਼ਾਹਰ ਹੋ ਰਿਹਾ ਹੈ । ਇਸ ਸਮੂਹਿਕ ਹਮਲੇ ਵਾਸਤੇ ਅਤਿ ਸ਼ਾਤਰ ਸ਼ਾਸ਼ਕਾਂ ਵੱਲੋਂ ਇੱਕ ਮਾਹੌਲ ਤਿਆਰ ਕਰ ਲਿਆ ਗਿਆ ਸੀ । ਅਣਗਿਣਤ ਸਿੱਖ ਸੰਗਤਾਂ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਦੀ ਕਰੁਣਾਮਈ ਸਿਮਰਤੀ 'ਚ ਗੁਰੂ-ਘਰਾਂ ਵਿਖੇ ਹਾਜ਼ਰੀ ਭਰ ਰਹੀਆਂ ਸਨ, ਨੂੰ ਮੁਲਕ ਦੀ ਫ਼ੌਜ ਨੇ ਤਤਕਾਲੀ ਸ਼ਾਸਕਾਂ ਦੇ ਆਦੇਸ਼ ਅਨੁਸਾਰ ਸ਼ਹੀਦ ਕਰ ਕੇ ਆਪਣੇ ਤਥਾ-ਕਥਿਤ ਲੋਕਤੰਤਰੀ ਮੂੰਹ-ਮੱਥੇ 'ਤੇ ਕਲੰਕ ਦਾ ਇਕ ਅਜਿਹਾ ਟਿੱਕਾ ਲਵਾ ਲਿਆ ਜੋ ਰਹਿੰਦੀ ਦੁਨੀਆਂ ਤੱਕ ਕਦੇ ਵੀ ਉੱਤਰ ਨਹੀਂ ਸਕਦਾ । ਕਿੰਨੀ ਘੋਰ ਦੁਖਦਾਇਕ ਗੱਲ ਹੈ ਕਿ ਸਰਕਾਰ ਹੀ ਪਰਜਾ ਨੂੰ ਮਿਟਾਉਣ 'ਤੇ ਉਤਾਰੂ ਹੋ ਗਈ । ਖੇਤ ਦੀ ਰਖਵਾਲੀ ਕਰਨ ਵਾਲੀ ਵਾੜ ਹੀ ਖੇਤ ਨੂੰ ਖਾਣ 'ਤੇ ਉੱਤਰ ਆਈ ।

25 ਜੂਨ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਵਸ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰ ਕੇ 'ਸਿੰਘ' ਸਜ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਤਤਕਾਲੀ ਜ਼ਾਲਮ ਮੁਗ਼ਲ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਦਸਮ ਪਾਤਸ਼ਾਹ ਦੇ ਨੰਨ੍ਹੇ ਲਾਲਾਂ 'ਤੇ ਅਸਹਿ ਜ਼ੁਲਮ ਵਰਤਾਉਣ ਵਾਲੀ ਸਰਹਿੰਦ ਦੀ ਹਸਤੀ ਹੀ ਮਿਟਾ ਦਿੱਤੀ ਸੀ । ਲੇਕਿਨ ਐਸੇ ਸਮੇਂ ਵੀ ਇਥੋਂ ਦੀਆਂ ਮਸਜਿਦਾਂ ਨੂੰ ਅਮਨਾ-ਅਮਾਨ ਆਪਣਾ ਵਜੂਦ ਕਾਇਮ ਰੱਖਣ ਦਿੱਤਾ ਗਿਆ । ਇਹ ਸਰਬ-ਸਾਂਝੀਵਾਲਤਾ ਅਤੇ ਧਾਰਮਿਕ ਸੁਤੰਤਰਤਾ ਪ੍ਰਤੀ ਸਿੱਖ ਧਰਮ ਦੀ ਬੇਮਿਸਾਲ ਸਾਕਾਰਾਤਮਕ ਨਿਰਮਲ ਦ੍ਰਿਸ਼ਟੀ ਤੇ ਸਦਭਾਵਨਾ ਨੂੰ ਪ੍ਰਤੀਬਿੰਬਤ ਕਰਦਾ ਹੈ । ਕਾਸ਼ । ਸਿੱਖ ਧਰਮ ਦੇ ਇਸ ਨਜ਼ਰੀਏ ਨੂੰ ਕੁੱਲ ਦੁਨੀਆਂ 'ਚ ਅਪਣਾ ਲਿਆ ਜਾਵੇ । ਐਸਾ ਹੋਣ ਦੀ ਸੂਰਤ 'ਚ ਇਹ ਦੁਨੀਆਂ ਕੱਟੜ ਮਜ਼੍ਹਬਵਾਦ ਤੇ ਧਾਰਮਿਕ ਵੈਰ-ਵਿਰੋਧ, ਟਕਰਾਵਾਂ ਤੇ ਤਨਾਅ ਤੋਂ ਰਹਿਤ ਹੋ ਜਾਵੇ । ਕਾਸ਼! ਤਤਕਾਲੀ ਹਕੂਮਤ ਸਿੱਖਾਂ ਦੀ ਮਸਜਿਦਾਂ ਦੀ ਗਾਥਾ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ ਹੈ । ਇਹ ਸ਼ਹਾਦਤ ਸੰਨ 1816 'ਚ ਹੋਈ ।

29 ਜੂਨ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦਾ ਦਿਵਸ ਹੋਣ ਕਰਕੇ ਸਿੱਖ-ਮਾਨਸਿਕਤਾ ਨੂੰ ਸੁਭਾਵਿਕ ਹੀ ਪੀੜਤ ਕਰਦਾ ਹੈ । ਆਪ ਦਾ ਅਕਾਲ ਚਲਾਣਾ ਸਨ 1839 'ਚ ਹੋਇਆ । ਮਹਾਰਾਜ ਰਣਜੀਤ ਸਿੰਘ ਦੇ ਵਕਤ ਦਾ ਆਦਰਸ਼ ਖਾਲਸਾ ਰਾਜ ਮਹਾਰਾਜੇ ਦੇ ਇਸ ਫਾਨੀ ਦੁਨੀਆਂ ਤੋ ਜਾਣ ਸਾਹ ਹੀ ਚਲਾ ਗਿਆ ਸੀ ਜਿਸ ਨੂੰ ਸਿੱਖ ਹੀ ਨਹੀਂ ਸਗੋਂ ਸਮੂਹ ਪੰਜਾਬੀ ਵੀ ਉਦੋਂ ਤੋਂ ਅਜੇ ਤੱਕ ਚਿਤਵਦੇ ਤੇ ਯਾਦ ਕਰਦੇ ਆ ਰਹੇ ਹਨ ।

ਸਿੱਖ ਸੰਘਰਸ਼ ਅੱਜ ਵੀ ਮੁੱਕਿਆ ਨਹੀਂ । ਇਹ ਅਜੇ ਵੀ ਜਾਰੀ ਹੈ । ਹੱਕ-ਸੱਚ ਲਈ ਉਠਾਈ ਜਾਂਦੀ ਹਰ ਆਵਾਜ਼ ਨੂੰ ਦਬਾਉਣ ਦਾ ਸਦੀਆਂ ਤੋਂ ਤੁਰਿਆ ਆ ਰਿਹਾ ਅਣਚਾਹਿਆ ਤੇ ਅਣਮਨੁੱਖੀ ਵਰਤਾਰਾ ਅੱਜ ਵੀ ਵਰਤ ਰਿਹਾ ਹੈ । ਜੇਕਰ ਹੋਰ ਕੁਝ ਨਹੀਂ ਹੋ ਸਕਦਾ ਤਾਂ ਦੇਸ਼ ਦੀ ਮੌਜੂਦਾ ਨਿਆਂਪਾਲਿਕਾ ਨੂੰ ਤਾਂ ਚਾਹੀਦਾ ਹੀ ਹੈ ਕਿ ਉਹ ਹੀ ਆਜ਼ਾਦ ਅਖਵਾਉਣ ਵਾਲੇ ਭਾਰਤ 'ਚ, ਇਸ ਦੇ ਸਰਬਪੱਖੀ ਵਿਕਾਸ 'ਚ ਭਰਪੂਰ ਯੋਗਦਾਨ ਪਾਉਣ ਵਾਲੇ ਸਿੱਖ ਆਵਾਮ ਨਾਲ ਸੰਨ 1980 ਦੇ ਦਹਾਕੇ ਤੋਂ ਹੁਣ ਤੱਕ ਘੋਰ ਅਨਿਆਂ ਦੀ ਕੁਝ ਕੁ ਸੰਭਵ ਭਰਪਾਈ ਕਰਨ ਦਾ ਸੁਹਿਰਦ ਉਪਰਾਲਾ ਕਰ ਕੇ, ਨਿਸ਼ਾਨਦੇਹੀ ਕੀਤੀਆਂ ਜਾਂ ਚੁੱਕੀਆਂ ਜ਼ਿੰਮੇਵਾਰ ਧਿਰਾਂ ਨੂੰ ਉਚਿਤ ਦੰਡ ਦੇਣ ਦੀ ਦਿਸ਼ਾ ਵੱਲ ਕਦਮ ਚੁੱਕੇ ।

-ਚਮਨ ਸਿੰਘ 'ਚਮਨ'
ਮੁੱਖ ਸੰਪਾਦਕ



ਮਿਹਨਤੀ ਤੇ ਸੇਵਾ-ਭਾਵਨਾ ਵਾਲੇ ਸਨ :

# ਮੈਨੇਜਰ ਇੰਦਰਜੀਤ ਸਿੰਘ

-ਕਰਨੈਲ ਸਿੰਘ ਐਮ.ਏ.

ਸੰਸਾਰ ਵਿੱਚ ਜੋ ਵੀ ਮਨੁੱਖ ਆਇਆ ਹੈ । ਉਸ ਨੇ ਇੱਕ ਨਾ-ਇੱਕ ਦਿਨ ਇਸ ਸੰਸਾਰ ਤੋਂ ਚਲੇ ਜਾਣਾ ਹੈ ਪਰ ਜੋ ਮਨੁੱਖ ਚੰਗੇ ਕੰਮ ਕਰਦੇ ਹਨ । ਉਨ੍ਹਾਂ ਨੂੰ ਰਹਿੰਦੀ ਦੁਨੀਆਂ ਤੱਕ ਲੋਕ ਯਾਦ ਰਖਦੇ ਹਨ । ਅਜਿਹੇ ਹੀ ਬੜੇ ਪਿਆਰ ਨਾਲ ਬੋਲਣ ਵਾਲੇ, ਨਿਮਰਤਾ 'ਚ ਰਹਿਣ ਵਾਲੇ ਤੇ ਮਿਹਨਤੀ ਇਨਸਾਨ ਸਨ, ਮੈਨੇਜਰ ਇੰਦਰਜੀਤ ਸਿੰਘ ।

ਮੈਨੇਜਰ ਇੰਦਰਜੀਤ ਸਿੰਘ ਦਾ ਜਨਮ ਪਿਤਾ ਸੁ: ਕਿਸ਼ਨ ਸਿੰਘ ਦੇ ਗ੍ਰਹਿ ਮਾਤਾ ਹਰਭਜਨ ਕੌਰ ਜੀ ਦੀ ਕੁੱਖੋਂ ਚੌਰੰਜਾ ਜ਼ਿਲ੍ਹਾ ਸਰਗੋਧਾ ਪਾਕਿਸਤਾਨ ਵਿਖੇ 1941 ਈ: ਨੂੰ ਹੋਇਆ ਉਨ੍ਹਾਂ ਸਮੇਤ ਦੋ ਭਰਾ ਤੇ ਪੰਜ ਭੈਣਾਂ ਹਨ । ਉਨ੍ਹਾਂ ਨੇ ਮੈਟ੍ਰਿਕ ਤੱਕ ਸਕੂਲੀ ਵਿੱਦਿਆ ਪ੍ਰਾਪਤ ਕੀਤੀ । ਉਨ੍ਹਾਂ ਨੂੰ ਬਚਪਨ ਤੋਂ ਹੀ ਸੇਵਾ ਦਾ ਸ਼ੌਕ ਸੀ । ਖੇਤੀਬਾੜੀ ਦਾ ਕੰਮ ਕਰਦਿਆਂ ਵੀ ਉਹ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਸੀਰੀ (ਨੌਕਰ) ਨਹੀਂ ਕਹਿੰਦੇ ਸਨ ਸਗੋਂ ਉਨ੍ਹਾਂ ਨੂੰ ਆਪਣੇ ਭਰਾ ਸਮਝਦੇ ਸਨ ।

1975ਈ: ਵਿੱਚ ਸੁ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ ਵਾਲੇ ਉਨ੍ਹਾਂ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਕੋਲ ਲੈ ਆਏ । ਮੈਨੇਜਰ ਇੰਦਰਜੀਤ ਸਿੰਘ ਨੇ ਟਿਕਾਣਾ ਸਾਹਿਬ ਵਿਖੇ ਆ ਕੇ ਤਨ-ਮਨ ਤੇ ਸੱਚੇ ਦਿਲੋਂ ਸੇਵਾ ਕੀਤੀ । ਉਹ ਹਰ ਇੱਕ ਨੂੰ ਪਿਆਰ ਨਾਲ ਬੋਲਦੇ, ਇਮਾਨਦਾਰ,ਨਿਰਛਲ ਤੇ ਨਿਸ਼ਕਪਟ ਸਨ । ਉਨ੍ਹਾਂ ਦੇ ਚਿਹਰੇ ਤੇ ਕਦੇ ਗੁੱਸਾ ਨਹੀਂ ਸੀ ਦੇਖਿਆ ਗਿਆ । ਹਰ ਸਮੇਂ ਖ਼ੁਸ਼ ਤਬੀਅਤ ਰਹਿੰਦੇ ਸਨ । ਸਚਿਖੰਡਵਾਸੀ ਸ਼੍ਰੀਮਾਨ ਮਹੰਤ ਤੀਰਥ ਸਿੰਘ ਜੀ ਤੇ ਵਰਤਮਾਨ ਗੱਦੀਨਸ਼ੀਨ ਸ਼੍ਰੀਮਾਨ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ' ਜਦੋਂ ਪ੍ਰਚਾਰ-ਯਾਤਰਾ ਤੇ ਜਾਂਦੇ ਤਾਂ ਪਿੱਛੋਂ ਡੇਰੇ ਦਾ ਸਾਰਾ ਪ੍ਰਬੰਧ ਤੇ ਆਏ ਯਾਤਰੂਆਂ ਦੀ ਦੇਖ-ਭਾਲ ਮੈਨੇਜਰ ਇੰਦਰਜੀਤ ਸਿੰਘ ਹੀ ਕਰਦੇ ਸਨ ।

ਮੈਨੇਜਰ ਇੰਦਰਜੀਤ ਸਿੰਘ ਜੀ ਦੀਆਂ ਦੋ ਲੜਕੀਆਂ ਹਨ ਇਨ੍ਹਾਂ ਦੀ ਪਤਨੀ ਬਲਵੰਤ ਕੌਰ 23 ਦਸੰਬਰ 1989 ਈ: ਨੂੰ ਸੁਰਗਵਾਸ ਹੋ ਗਈ ਸੀ । ਉਸ ਤੋਂ ਬਾਅਦ ਇਨ੍ਹਾਂ ਨੇ ਆਪਣਾ ਪੂਰਾ ਜੀਵਨ ਸੇਵਾ ਨੂੰ ਸਮਰਪਿਤ ਕੀਤਾ ਹੋਇਆ ਸੀ ।

ਮੈਨੇਜਰ ਇੰਦਰਜੀਤ ਸਿੰਘ ਨੂੰ ਜਿਨ੍ਹਾਂ ਨੇ ਵੇਖਿਆ ਹੈ । ਇਹ ਉਹ ਕੰਮ ਕਰਦਾ ਸੀ, ਜੋ ਇੱਕ ਸੇਵਾਦਾਰ ਕਰਦਾ ਹੈ । ਇਸ ਨੂੰ ਕੋਈ ਮਾਣ, ਹੰਕਾਰ ਨਹੀਂ ਸੀ ਮੈਨੇਜਰ ਦਾ । ਜਿਹੜੇ ਕੰਮ ਸੇਵਾ ਦੇ ਉਹ ਕਰਦੇ ਸਨ, ਉਨ੍ਹਾਂ ਨੂੰ ਸੁਣ ਕੇ ਦੇਖ ਕੇ ਹੈਰਾਨ ਹੋ ਜਾਈਦਾ ਸੀ । ਆਮ ਗੁਰਦੁਆਰਿਆਂ ਵਿੱਚ ਅਸੀਂ ਵੇਖਦੇ ਹਾਂ ਕਿ ਮੈਨੇਜਰ ਦਾ ਕੰਮ ਸਿਰਫ਼ ਦਸਤਖਤਾਂ ਤੱਕ ਹੀ ਸੀਮਿਤ ਹੁੰਦਾ ਹੈ । ਤੇ ਉਹ ਦਫ਼ਤਰੀ ਕੰਮ ਕਰਦੇ ਹਨ । ਪਰ ਇਸ ਅਸਥਾਨ ਦਾ ਮੈਨੇਜਰ ਕਣਕ ਸਾਫ਼ ਕਰਦਾ, ਨਰਮਾ ਸੰਭਾਲਦਾ, ਲੱਕੜਾਂ ਢੋਂਦਾ, ਬੋਰੀਆਂ ਚੁੱਕਦਾ ਤੇ ਬਿਸਤਰੇ ਸੰਭਾਲਦਾ ਰਹਿੰਦਾ ਸੀ । ਡੇਰੇ ਦੀ ਸਾਰੀ ਜ਼ਮੀਨ ਦਾ ਪ੍ਰਬੰਧ ਵੀ ਉਹ ਦੇਖਦਾ ਸੀ ।

ਮੈਨੇਜਰ ਇੰਦਰਜੀਤ ਸਿੰਘ ਦਾ ਇਨ੍ਹਾਂ ਸਤਰਾਂ ਦੇ ਲੇਖਕ ਨਾਲ ਬਹੁਤ ਪ੍ਰੇਮ ਪਿਆਰ ਸੀ । ਉਨ੍ਹਾਂ ਨੂੰ ਸੇਵਾ ਦੇ ਕਾਰਜ ਕਰਦਿਆਂ ਦਾਸ ਨੇ ਅਨੇਕਾਂ ਵਾਰ ਅੱਖੀਂ ਵੇਖਿਆ ਹੈ । ਮੈਨੇਜਰ ਸਾਹਿਬ ਜਦੋਂ ਵੀ ਆਪਦੇ ਘਰ ਅੰਬਾਲਾ ਵਿਖੇ ਜਾਂ ਲੜਕੀਆਂ ਨੂੰ ਮਿਲਣ ਜਾਂਦੇ ਤਾਂ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਕੋਲੋਂ ਜਦੋਂ

ਛੁੱਟੀ ਮੰਗਦੇ ਤਾਂ ਉਹ ਕਹਿੰਦੇ ਸਨ, "ਕਿ ਕਰਨੈਲ ਸਿੰਘ ਨੂੰ ਪੁੱਛ ਲੈ, ਜੇਕਰ ਉਹ ਤੇਰੇ ਮਗਰੋਂ ਕੜਾਹ-ਪ੍ਰਸਾਦ ਦੇਣ ਦੀ ਸੇਵਾ ਕਰੇਗਾ ਤਾਂ ਮੇਰੇ ਵੱਲੋਂ ਤੈਨੂੰ ਛੁੱਟੀ ਹੈ।" ਮੈਨੇਜਰ ਸਾਹਿਬ ਜਦੋਂ ਵੀ ਅੰਬਾਲਾ ਜਾਂ ਹੋਰ ਕਿਤੇ ਜਾਂਦੇ ਸਨ, ਜਿਨ੍ਹਾਂ ਸਮਾਂ ਦਾਸ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਰਿਹਾ, ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਸੇਵਾ ਨਿਭਾਉਂਦਾ ਰਿਹਾ ਹੈ।

ਮੈਨੇਜਰ ਇੰਦਰਜੀਤ ਸਿੰਘ ਰੋਜ਼ਾਨਾ ਅੰਮ੍ਰਿਤ ਵੇਲੇ ਪਰਚੀ ਰਾਹੀਂ ਦੇਗ (ਕੜਾਹ-ਪ੍ਰਸ਼ਾਦ) ਦੇਣ ਦੀ ਸੇਵਾ 6-7 ਘੰਟੇ ਕਰਦੇ ਸਨ। ਸੇਵਾ ਪੰਥੀ ਸੰਪਰਦਾ ਦੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਵਿੱਚ 42 ਡੇਰੇ/ਟਿਕਾਣੇ ਹਨ ਪਰ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਹੀ ਅੰਮ੍ਰਿਤ ਵੇਲੇ ਇਤਿਹਾਸਕ ਗੁਰਦੁਆਰਿਆਂ ਵਾਂਗ ਇਥੇ ਪਰਚੀ ਰਾਹੀਂ ਕੜਾਹ ਪ੍ਰਸ਼ਾਦ ਮਿਲਦਾ ਹੈ, ਹੋਰ ਕਿਸੇ ਵੀ ਡੇਰੇ/ਟਿਕਾਣੇ ਵਿੱਚ ਨਹੀਂ ਹੈ। ਜਿਸ ਤਰ੍ਹਾਂ ਸੇਵਾ ਪੰਥੀ ਸੰਪਰਦਾ ਦੇ ਅਸਥਾਨ ਤੇ ਸੇਵਾ ਕਰਨ ਵਾਲੇ ਸੇਵਾਦਾਰਾਂ ਦੀ ਜ਼ਰੂਰਤ ਹੁੰਦੀ ਹੈ। ਸੱਚ ਮੁੱਚ ਹੀ ਮੈਨੇਜਰ ਇੰਦਰਜੀਤ ਸਿੰਘ ਉਹ ਸੇਵਾ ਕਰਕੇ ਗਏ ਹਨ। ਟਿਕਾਣਾ ਭਾਈ ਜਗਤਾ ਜੀ ਸਾਹਿਬ ਦੇ ਸਵ: ਮਹੰਤ ਤੀਰਥ ਸਿੰਘ ਜੀ ਤੇ ਵਰਤਮਾਨ ਮੁਖੀ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ' ਮੈਨੇਜਰ ਇੰਦਰਜੀਤ ਸਿੰਘ ਦੀ ਸੇਵਾ ਤੋਂ ਅਤੀ ਪ੍ਰਸੰਨ ਹਨ। ਮੈਨੇਜਰ ਸੇਵਾ ਕਰਕੇ ਆਪਣਾ ਜਨਮ ਸਫਲਾ ਕਰਕੇ ਗਏ ਹਨ।

13 ਜਨਵਰੀ 2008 ਦਿਨ ਐਤਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਦਰਬਾਰ ਹਾਲ ਵਿੱਚ ਮੈਨੇਜਰ ਇੰਦਰਜੀਤ ਸਿੰਘ ਰਜਾਈ ਨਾਲ ਪੈਰ ਅਟਕ ਜਾਣ ਕਰਕੇ ਡਿੱਗ ਪਏ। ਪਹਿਲਾਂ ਉਨ੍ਹਾਂ ਨੇ ਮਾਲਸ਼ ਵਾਲੇ ਤੋਂ ਮਾਲਸ਼ਾਂ ਵੀ ਕਰਵਾਈਆਂ ਫਿਰ ਬਠਿੰਡਾ ਵਿਖੇ ਹੱਡੀਆਂ ਦੇ ਜੋੜਾਂ ਦੇ ਮਾਹਿਰ ਡਾ: ਗੁਰਦੇਵ ਸਿੰਘ ਨੂੰ ਦਿਖਾਇਆ ਤਾਂ ਉਨ੍ਹਾਂ ਦੱਸਿਆ ਕਿ ਗੋਡੇ ਦੀ ਹੱਡੀ ਟੁੱਟ ਗਈ ਹੈ। ਮੈਨੇਜਰ ਸਾਹਿਬ ਉਸ ਸਮੇਂ ਤੋਂ ਹੀ ਮੰਜੇ-ਬਿਸਤਰੇ ਤੇ ਪਏ ਹੋਏ ਸਨ। ਬੇਸ਼ੱਕ ਗੋਡੇ ਦਾ ਪਲਸਤਰ ਖੁੱਲ੍ਹ ਗਿਆ ਸੀ ਪਰ ਥੋੜ੍ਹਾ ਚਿਰ ਹੀ ਪੈਰ ਲਮਕਾ ਕੇ (ਭਾਵ ਥੱਲੇ ਕਰਕੇ) ਬੈਠਣ ਨਾਲ ਉਨ੍ਹਾਂ ਦੇ ਪੈਰਾਂ ਤੇ ਸੋਜਸ਼ ਆ ਜਾਂਦੀ ਸੀ। ਗੋਡੇ ਦੀ ਤਕਲੀਫ਼ ਹੋਣ ਕਰਕੇ ਉਹ ਵਾਕਰ ਦੇ ਸਹਾਰੇ ਹੀ ਥੋੜ੍ਹਾ ਜਿੰਨ੍ਹਾਂ ਤੁਰਦੇ ਸਨ। ਉਹ ਬਿਸਤਰੇ ਤੇ ਬੈਠੇ-ਬੈਠੇ ਹੀ ਸਾਰੇ ਕੰਮ ਆਪ ਖ਼ੁਦ ਕਰਦੇ ਸਨ। ਉਨ੍ਹਾਂ ਪਿਛਲੇ 10 ਕੁ ਦਿਨਾਂ ਤੋਂ ਖਾਣਾ-ਪੀਣਾ ਵੀ ਬਹੁਤ ਘੱਟ ਕਰ ਦਿੱਤਾ ਸੀ। ਪਹਿਲਾਂ ਗੋਨਿਆਣਾ ਮੰਡੀ ਦੇ ਡਾਕਟਰ ਗੁਰਦੁਆਰਾ ਸਾਹਿਬ ਵਿਖੇ ਆ ਕੇ ਹੀ ਉਨ੍ਹਾਂ ਦਾ ਇਲਾਜ ਕਰਦੇ ਰਹੇ, ਫਿਰ 25 ਮਈ ਦਿਨ ਐਤਵਾਰ ਨੂੰ ਉਨ੍ਹਾਂ ਨੂੰ ਡਾ: ਮਹਿੰਦਰ ਸਿੰਘ ਦੇ ਹਸਪਤਾਲ ਬਠਿੰਡਾ ਵਿਖੇ ਲਿਜਾਇਆ ਗਿਆ ਜਿਥੇ 26 ਮਈ ਨੂੰ ਬਾਅਦ ਦੁਪਹਿਰ 2 ਵਜੇ ਮੈਨੇਜਰ ਇੰਦਰਜੀਤ ਸਿੰਘ 67 ਸਾਲ ਦੀ ਉਮਰ ਬਤੀਤ ਕਰਕੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ 33 ਸਾਲ ਸੇਵਾ ਤਨ-ਮਨ ਨਾਲ ਕੀਤੀ। 27 ਮਈ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਸਵੇਰੇ 8 ਵਜੇ ਕੀਤਾ ਗਿਆ। ਸੰਤ ਪੀਤਮ ਸਿੰਘ 'ਸੇਵਾ ਪੰਥੀ' ਨੇ ਅਰਦਾਸ ਸੰਪੰਨ ਕੀਤੀ ਉਪਰੰਤ ਚਿਖਾ ਨੂੰ ਅਗਨੀ ਸ੍ਰੀਮਾਨ ਮਹੰਤ ਕਾਹਨ ਸਿੰਘ ਜੀ ਤੇ ਸੰਤ ਰਣਜੀਤ ਸਿੰਘ ਜੀ ਨੇ ਦਿੱਤੀ। ਇਸ ਮੌਕੇ ਤੇ ਕੋਟਕਪੂਰਾ, ਮਲੋਟ, ਜੈਤੋ, ਲੁਧਿਆਣਾ, ਬਠਿੰਡਾ, ਅੰਬਾਲਾ ਤੇ ਹੋਰ ਦੂਰ-ਨੇੜੇ ਤੋਂ ਵੱਡੀ ਤਾਦਾਦ ਵਿੱਚ ਸੰਗਤਾਂ ਸ਼ਾਮਲ ਹੋਈਆਂ। 28 ਮਈ ਦਿਨ ਬੁੱਧਵਾਰ ਸਵੇਰੇ 8 ਵਜੇ ਪੁਸ਼ਪ (ਫੁੱਲ) ਚੁਗੇ ਗਏ। ਇਸ ਦਿਹਾੜੇ ਸਵੇਰੇ 10 ਵਜੇ ਟਿਕਾਣਾ ਸਾਹਿਬ ਦੇ ਦਰਬਾਰ ਹਾਲ ਵਿਖੇ ਅਖੰਡ-ਪਾਠ ਆਰੰਭ ਕੀਤਾ ਗਿਆ ਜਿਸ ਦੀ ਸਮਾਪਤੀ 30 ਮਈ ਦਿਨ ਸ਼ੁੱਕਰਵਾਰ ਨੂੰ ਸਵੇਰੇ 9 ਵਜੇ ਹੋਈ। ਉਪਰੰਤ ਕੀਰਤਨ ਤੇ ਅੰਤਿਮ ਅਰਦਾਸ ਟਿਕਾਣਾ ਸਾਹਿਬ ਦੇ ਦਰਬਾਰ ਹਾਲ ਵਿੱਚ ਸੰਪੰਨ ਹੋਈ। ਇਸ ਮੌਕੇ ਤੇ ਵਿਛੜੀ ਰੂਹ ਨੂੰ ਸ਼ਰਧਾਂਜਲੀਆਂ ਦੇਣ ਲਈ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ।

Tel. 0175-3293097 (O)
0175-2216738. (R)

# Mahant Gopal Singh Institute of Competitions & Employment

*(28. Yadvindra Colony, Patiala -- 147001)*

Dr. Brij Pal Singh
Director
(Retd. Professor of Economics
LBSNAA, Mussoorie)

ਮਿਤੀ:- 16-5-2008

## ਪ੍ਰੈਸ ਸਟੇਟਮੈਂਟ

ਸਾਡਾ ਇਹ ਲੋਕ ਭਲਾਈ ਦਾ ਇੰਨਸਟੀਚਿਊਟ ਸੇਵਾ ਪੰਥੀ ਮਹੰਤ ਤੀਰਥ ਸਿੰਘ ਗੁਨਿਆਨਾ ਮੰਡੀ ਦੀ ਅਗਵਾਈ ਤੇ ਦੇਖ-ਰੇਖ ਵਿਚ ਪਿਛਲੇ 10-11 ਸ਼ਾਲਾਂ ਤੋਂ ਚਲ ਰਿਹਾ ਹੈ। ਸਾਡਾ ਉਦੇਸ਼ ਹੈ ਕਿ ਨੌਜਵਾਨ ਮੁੰਡੇ ਕੁੜੀਆਂ ਕੀ ਉੱਚੀ-ਸੱਚੀ ਸ਼ਖਸੀਅਤ ਉਸਾਰ ਕੇ ਉਨ੍ਹਾਂ ਨੂੰ ਆਈ.ਏ.ਐਸ. ਤੇ ਹੋਰ ਇਹੋ ਜਿਹੀਆਂ ਭਾਰਤ ਸਰਕਾਰ ਦੀਆਂ ਸੇਵਾਵਾਂ ਲਈ ਤਿਆਰ ਕੀਤਾ ਜਾਵੇ। ਅਸੀਂ ਕੇਵਲ 10-12 ਵਿਦਿਆਰਥੀ ਹੀ ਦਾਖਲ ਕਰਦੇ ਹਾਂ ਤੇ ਵਾਹਿਗੁਰੂ ਦੀ ਬਖਸ਼ਸ਼ ਸਦਕਾ ਹਰ ਸਾਲ 2-4 ਵਿਦਿਆਰਥੀ ਅੰਤਮ ਰਿਜ਼ਲਟ ਵਿਚੋਂ ਸਫਲ ਹੋ ਕੇ ਭਾਰਤ ਸਰਕਾਰ ਦੀਆਂ ਉਚ ਪਦਵੀਆਂ ਤੇ ਲੱਗ ਜਾਂਦੇ ਹਨ।

ਯੂਨੀਵਰਸਟਿਆਂ ਦੇ ਵਿਭਾਗਾਂ ਦੇ ਮੁਖੀ, ਪ੍ਰੋਫੈਸਰ ਤੇ ਕਾਲਜਾਂ ਦੇ ਕਾਬਲ ਤੇ ਤਜਰਬੇਕਾਰ ਅਧਿਆਪਕਾਂ ਤੋਂ ਇਲਾਵਾ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੇ ਉਚ ਪਦ ਦੇ ਅਫਸਰ ਵੀ ਆ ਕੇ ਵਿਦਿਆਰਥੀਆਂ ਦੀ ਸ਼ਖਸੀਅਤ ਉਸਾਰਨ ਵਿਚ ਲੈਕਚਰ ਤੇ ਇੰਟਰਵਿਊ ਰਾਹੀਂ ਯੋਗਦਾਨ ਪਾਉਂਦੇ ਹਨ।

ਅਕੈਡਮੀ ਦੇ ਆਨਰੇਰੀ ਤੇ ਸਥਾਈ ਡਾਇਰੈਕਟਰ ਐਲ.ਬੀ. ਐਸ ਨੈਸ਼ਨਲ ਅਕੈਡਮੀ ਤੋਂ ਪ੍ਰੋਫੈਸਰ ਆਫ ਇਕਨਾਮਿਕਸ ਦੇ ਤੌਰ ਤੇ 19 ਸਾਲ ਦੀ ਸੇਵਾ ਬਾਦ ਰਿਟਾਇਰ ਹੋ ਕੇ ਇਸ ਇੰਨਸਟੀਚਿਊਟ ਨੂੰ ਸੇਵਾ ਦੇ ਤੌਰ ਦੇ ਚਲਾ ਰਹੇ ਹਨ।

ਰੱਬ ਦੀ ਮਿਹਰ ਸਦਾ ਵਾਂਗ ਇਸ ਧਰਮ ਕਾਰਜ ਦੇ ਇੰਟਸਟੀਚਿਊਟ ਤੇ ਇਸ ਵਾਰ ਫੇਰ ਆਈ ਹੈ। ਅੱਜ ਦੇ ਆਈ. ਏ. ਐਸ. ਇਮਤਿਹਾਨ ਦੇ ਰਿਜ਼ਲਟ ਵਿਚ ਸਾਡੇ ਹੇਠ ਲਿਖੇ ਵਿਦਿਆਰਥੀਆਂ ਨੇ ਉੱਚੇ ਪੱਦ ਹਾਸਲ ਕਰ ਲਏ ਹਨ :

| | Rank in India |
|---|---|
| SUPREET SINGH GULATI | 2nd |
| Puneetinder Singh | 115 |
| Ravneet Singh | 330 |
| Tejinder Singh | 207 |
| Sachin Kapoor | 440 |

(ਬ੍ਰਿਜਪਾਲ ਸਿੰਘ)

## ਪ੍ਰੋਗਰਾਮ ਪ੍ਰਚਾਰ-ਯਾਤਰਾ ਜੂਨ 2008

ਮਹੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' / ਸੰਤ ਰਣਜੀਤ ਸਿੰਘ ਜੀ 'ਸੇਵਾ ਪੰਥੀ
ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)
ਫੋਨ : 0164-2262012, 2262051 ਫੈਕਸ : 2262657
ਮੋਬਾਇਲ : 98140-04503 (ਮਹੰਤ ਜੀ), 98140-35191(ਸੰਤ ਰਣਜੀਤ ਸਿੰਘ)

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 8-6-2008 | ਕੋਟਕਪੂਰਾ (ਫਰੀਦਕੋਟ) | ਪਾਠ ਸਮਾਪਤੀ (ਸ: ਨਿਰੰਜਨ ਸਿੰਘ ਦੀ ਬਰਸੀ) ਮੋਬਾਇਲ : 94172-55100 |
| 9-6-2008 | ਅਪਰਾ (ਫਲੌਰ ਜਲੰਧਰ) | ਨੀਂਹ ਪੱਥਰ ਸ:ਪਰਮਜੀਤ ਸਿੰਘ ਦੇ ਗ੍ਰਹਿ ਮੋਬਾਇਲ : 98726-16104 98157-75304, ਫੋਨ 01826-251104 |

15-6-2008 ਸੰਗਰਾਂਦ ਦਾ ਮਾਸਿਕ ਸਮਾਗਮ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ

ਮਹੰਤ ਸਾਹਿਬ ਜੀ 16-6-2008 ਤੋਂ 30-6-2008 ਤੱਕ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਵਿਖੇ ਰਹਿਣਗੇ।

## ਦਾਖ਼ਲਾ ਸੂਚਨਾ
## (ਪੀ ਜੀ ਡੀ ਸੀ ਏ)

ਭਾਈ ਆਸਾ ਸਿੰਘ ਗਰਲਜ਼ ਕਾਲਜ ਗੋਨਿਆਣਾ ਮੰਡੀ ਵਿਖੇ ਸ਼ੈਸਨ **2008-09** ਲਈ **PGDCA** ਇੱਕ ਸਾਲ ਦਾ ਕੋਰਸ ਰੈਗੂਲਰ ਤੌਰ ਤੇ ਸ਼ੁਰੂ ਕੀਤਾ ਜਾ ਰਿਹਾ ਹੈ। ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਨਤਾ ਪ੍ਰਾਪਤ ਹੈ। ਕੇਵਲ **30** ਸੀਟਾਂ ਲਈ ਦਾਖਲਾ ਸੀਮਤ ਹੈ। ਰਜਿਸਟ੍ਰੇਸ਼ਨ ਸ਼ੁਰੂ ਹੈ।

ਪ੍ਰਿੰ: ਡਾ : ਗੁਰਦੀਪ ਕੌਰ ਬਰਾੜ
ਫੋਨ : **0164-2262505**

### ਦਾਨੀ ਸੰਗਤਾਂ ਪ੍ਰਤੀ ਜਰੂਰੀ ਸੂਚਨਾ

ਟਿਕਾਣਾ ਸਾਹਿਬ ਦੀ ਸੇਵਾ ਲਈ ਜੋ ਦਾਨੀ ਸੰਗਤਾਂ ਮਾਇਆ ਭੇਜਣਾ ਚਾਹੁੰਦੀਆਂ ਹਨ ਉਨ੍ਹਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਉਹ ਮਾਇਆ ਭੇਜਣ ਸਮੇਂ ਚੈੱਕ ,ਡਰਾਫਟ ਮਹੰਤ ਕਾਹਨ ਸਿੰਘ ਜੀ ਦੇ ਨਾਮ ਭੇਜਣ ਦੀ ਕ੍ਰਿਪਾਲਤਾ ਕਰਨ।

# ਸੁਖਮਨੀ ਸਾਹਿਬ

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥
ਪੁਰਖੁ ਸਤਿ ਕੇਵਲ ਪਰਧਾਨੁ ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥
ਸਤਿ ਪੁਰਖ ਸਭ ਮਾਹਿ ਸਮਾਣੀ ॥
ਸਤਿ ਕਰਮੁ ਜਾ ਕੀ ਰਚਨਾ ਸਤਿ ॥
ਮੂਲੁ ਸਤਿ ਸਤਿ ਉਤਪਤਿ ॥
ਸਤਿ ਕਰਣੀ ਨਿਰਮਲ ਨਿਰਮਲੀ ॥
ਜਿਸਹਿ ਬੁਝਾਏ ਤਿਸਹਿ ਸਭ ਭਲੀ ॥
ਸਤਿਨਾਮੁ ਪ੍ਰਭ ਕਾ ਸੁਖਦਾਈ ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥
ਪੁਰਖੁ ਸਤਿ ਕੇਵਲ ਪਰਧਾਨੁ ॥

ਅਰਥ: ਗੁਰੂ ਜੀ ਫੁਰਮਾਉਂਦੇ ਹਨ ਜਿਸ ਪ੍ਰਮੇਸ਼ਵਰ ਦਾ ਸਰੂਪ ਸਤ ਹੈ ਅਤੇ ਜਿਸ ਦਾ ਸਤਿਸੰਗ ਅਸਥਾਨ ਵੀ ਸੱਚਾ ਹੈ ਉਹ ਸਤਿ ਪੁਰਖ ਪ੍ਰਮੇਸ਼ਵਰ ਕੇਵਲ ਸ਼ੁੱਧ ਹੈ ਤੇ ਸਾਰਿਆਂ ਵਿੱਚੋਂ ਪਰਧਾਨੁ (ਮੁਖੀ) ਹੈ । ਭਾਵ ਅਕਾਲ ਪੁਰਖ ਸਤਿ ਹੈ ਅਤੇ ਇੱਕਲਾ ਉਹ ਸਭ ਤੋਂ ਸ਼੍ਰੇਸਟ ਹੈ ਜੋ ਜਗਤ ਦਾ ਕਰਤਾ ਤੇ ਕਾਰਣ ਹੈ ਉਸ ਨੇ ਆਪੇ ਆਪਣੇ ਆਪ ਤੋਂ ਜਗਤ ਰਚਿਆ ਹੈ ।

ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥

ਸਤਿ ਪੁਰਖ ਸਭ ਮਾਹਿ ਸਮਾਣੀ ॥

ਅਰਥ : ਜਿਸ ਪੁਰਖ ਦੀ ਕਰਣੀ ਸੱਚੀ ਹੈ ਅਤੇ ਜਿਸ ਦੀ ਨਾਮ ਬਾਣੀ ਵੀ ਸੱਚੀ ਹੈ ਉਹ ਸੱਚਾ ਪੁਰਖ ਸਾਰਿਆਂ ਵਿੱਚ ਸਮਾ ਰਿਹਾ ਹੈ।

ਸਤਿ ਕਰਮੁ ਜਾ ਕੀ ਰਚਨਾ ਸਤਿ ॥

ਮੂਲੁ ਸਤਿ ਸਤਿ ਉਤਪਤਿ ॥

ਅਰਥ : ਉਸ ਅਕਾਲ ਪੁਰਖ ਦਾ ਕਰਮ ਸੱਚਾ ਹੈ ਤੇ ਸੰਸਾਰ ਰਚਨਾ ਵੀ ਸੱਚੀ ਹੈ ਸਭ ਦਾ ਮੂਲੁ (ਕਾਰਨ) ਰੂਪ ਪ੍ਰਭੂ ਆਪ ਸੱਚਾ ਹੈ ਤੇ ਉਸ ਤੋਂ ਉਤਪਤਿ ਪੈਦਾ ਹੋਈ ਵਸਤੂ ਵੀ ਸੱਚੀ ਹੈ।

ਸਤਿ ਕਰਣੀ ਨਿਰਮਲ ਨਿਰਮਲੀ ॥

ਜਿਸਹਿ ਬੁਝਾਏ ਤਿਸਹਿ ਸਭ ਭਲੀ ॥

ਅਰਥ : ਉਸ ਅਕਾਲ ਪੁਰਖ ਦੀ ਕਰਣੀ ਸੱਚੀ ਤੇ ਨਿਰਮਲ ਤੋਂ ਵੀ ਨਿਰਮਲ ਹੈ ਪਰ ਜਿਸ ਜੀਵ ਨੂੰ ਉਹ ਸਮਝਾਉਂਦਾ ਹੈ ਉਸ ਨੂੰ ਭਲੀ ਚੰਗੀ ਤਰ੍ਹਾਂ ਸਾਰੀ ਗੱਲ ਸਮਝ ਪੈ ਜਾਂਦੀ ਹੈ।

ਸਤਿਨਾਮੁ ਪ੍ਰਭ ਕਾ ਸੁਖਦਾਈ ॥

ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥

ਅਰਥ : ਉਸ ਸੱਚੇ ਪ੍ਰਭੂ ਦਾ ਸਤਿਨਾਮੁ ਮੰਤ੍ਰ ਹੀ ਸਭ ਸੁੱਖ ਦੇਣ ਵਾਲਾ ਹੈ ਪਰ ਇਹ ਬਿਸ੍ਵਾਸੁ ਸਤਿ ਸੱਚਾ ਭਰੋਸਾ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ ਕਿਉਂਕਿ ਇਹ ਸਤਿਨਾਮੁ ਮੰਤ੍ਰ ਅਨਾਦੀ ਕਾਲ ਦਾ ਹੈ।

(ਚਲਦਾ)

੧ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ ੫

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ॥

ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥
ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧ ਸੰਗਿ ॥੧॥

ਪਉੜੀ॥

ਨੰਨਾ ਨਰਕਿ ਪਰਹਿ ਤੇ ਨਾਹੀ ॥
ਜਾ ਕੈ ਮਨਿ ਤਨਿ ਨਾਮੁ ਬਸਾਹੀ ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥
ਬਿਖੁ ਮਾਇਆ ਮਹਿ ਨਾ ਓਇ ਖਪਤੇ ॥
ਨੰਨਾਕਾਰੁ ਨ ਹੋਤਾ ਤਾ ਕਹੁ ॥
ਨਾਮ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥
ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥

॥ ਸਲੋਕੁ ॥

ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥

ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧ ਸੰਗਿ ॥੧॥

ਪਦ ਅਰਥ :- ਨਾਮੁ ਨਾਮੁ--ਪ੍ਰਭੂ ਦਾ ਨਾਮ ਹੀ ਨਾਮ , ਅੰਤਰਿ ਬਾਹਰਿ-- ਅੰਦਰ, ਬਾਹਰ ਕੰਮ ਕਾਜ ਕਰਦਿਆਂ ਹਰ ਵੇਲੇ, ਰੰਗਿ-ਪਿਆਰ ਵਿੱਚ, ਗੁਰਿ-ਗੁਰੂ ਨੇ, ਉਪਦੇਸਿਆ-ਦਿਖਾ ਦਿਤਾ, ਨਰਕਿ -ਦੁਖ ਕਲੇਸ਼

ਅਰਥ : ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜਿਨਾਂ ਬੰਦਿਆਂ ਨੇ ਕੰਮ ਕਾਰ ਕਰਦਿਆਂ ਪ੍ਰੇਮ ਨਾਲ ਪ੍ਰਭੂ ਦਾ ਨਾਮ ਜਪਿਆ ਹੈ, ਪ੍ਰਭੂ ਦੀ ਸਿਫਤ ਕੀਤੀ ਹੈ

(ਕਿਸੇ ਵੇਲੇ ਵਿਸਾਰਿਆ ਨਹੀ) ਉਹਨਾਂ ਨੂੰ ਪੂਰੇ ਗੁਰੂ ਨੇ ਪਰਮਾਤਮਾ ਆਪਣੇ ਨੇੜੇ ਵਿਖਾ ਦਿੱਤਾ ਹੈ ਗੁਰੂ ਦੀ ਸੰਗਤਿ ਵਿੱਚ ਰਹਿ ਕੇ ਉਹਨਾਂ ਨੂੰ (ਨਰਕਿ) ਘੋਰ ਦੁੱਖ ਨਹੀ ਦੇਖਣਾ ਪੈਂਦਾ ।

ਪਉੜੀ ॥

ਨੰਨਾ ਨਰਕਿ ਪਰਹਿ ਤੇ ਨਾਹੀ ॥

ਜਾ ਕੈ ਮਨਿ ਤਨਿ ਨਾਮੁ ਬਸਾਹੀ ॥

**ਪਦ ਅਰਥ :-** ਨਰਕਿ -ਘੋਰ ਦੁੱਖ ਵਿੱਚ । ਤੇ-ਉਹ ਬੰਦੇ । ਪਰਹਿ-ਪੈਂਦੇ

ਅਰਥ : ਜਿਹਨਾਂ ਦੇ ਮਨ ਵਿੱਚ ਤਨ ਵਿੱਚ ਪ੍ਰਭੂ ਦਾ ਨਾਮ ਵਸਿਆ ਰਹਿੰਦਾ ਹੈ ਉਹ ਘੋਰ ਦੁੱਖਾਂ ਦੇ ਟੋਏ ਵਿੱਚ ਨਹੀਂ ਪੈਂਦੇ ।

ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥

ਬਿਖੁ ਮਾਇਆ ਮਹਿ ਨ ਓਇ ਖਪਤੇ ॥

**ਪਦ ਅਰਥ :-** ਨਿਧਾਨ -ਸਭ ਗੁਣਾਂ ਦਾ ਖ਼ਜ਼ਾਨਾ, ਬਿਖੁ-ਜ਼ਹਿਰ

ਅਰਥ :ਜੋ ਮਨੁੱਖ ਗੁਰੂ ਦੀ ਰਾਹੀਂ ਪ੍ਰਭੂ ਦੇ ਨਾਮ ਨੂੰ ਸਾਰੇ ਪਦਾਰਥਾਂ ਦਾ ਖਜਾਨਾ ਜਾਣ ਕੇ ਜਪਦੇ ਹਨ ਉਹ ਫਿਰ ਆਤਮਿਕ ਮੌਤੇ ਮਾਰਨ ਵਾਲੀ ਮਾਇਆ (ਮੋਹ ਜ਼ਹਿਰ) ਵਿੱਚ ਨਹੀਂ ਖਪਦੇ ਭਾਵ ਦੁਖੀ ਨਹੀਂ ਹੁੰਦੇ ।

ਨੰਨਾਕਾਰੁ ਨ ਹੋਤਾ ਤਾ ਕਹੁ ॥

ਨਾਮ ਮੰਤ੍ਰ ਗੁਰਿ ਦੀਨੋ ਜਾ ਕਹੁ ॥

ਅਰਥ :ਜਿਹਨਾਂ ਨੂੰ ਗੁਰੂ ਨੇ ਨਾਮ ਮੰਤ੍ਰ ਦਿੱਤਾ ਹੈ ਉਹਨਾਂ ਨੂੰ ਕੋਈ ਨਾਂਹ ਨਹੀ ਕਰਦਾ ਭਾਵ ਸਭ ਲੋਕ ਉਨ੍ਹਾਂ ਦੀ ਆਗਿਆ ਮੰਨਦੇ ਹਨ ।

ਨਿਧਿ ਨਿਧਾਨ, ਹਰਿ ਅੰਮ੍ਰਿਤ ਪੂਰੇ ॥

ਤਹ ਬਾਜੇ ਨਾਨਕ ਅਨਹਦ ਤੂਰੇ ॥੩੯॥

ਅਰਥ : ਗੁਰੂ ਸਾਹਿਬ ਜੀ ਕਥਨ ਕਰਦੇ ਹਨ ਜਿਹੜੇ ਹਿਰਦੇ ਸਭ ਗੁਣਾਂ ਦੇ ਖਜਾਨੇ ਹਰੀ ਨਾਮ ਅੰਮ੍ਰਿਤ ਨਾਲ ਭਰੇ ਰਹਿੰਦੇ ਹਨ । ਉਨ੍ਹਾਂ ਦੇ ਅੰਦਰ ਇਕ ਐਸਾ ਅਨੰਦ ਬਣਿਆ ਰਹਿੰਦਾ ਹੈ ਜਿਵੇਂ ਇਕ ਰਸ ਸਭ ਕਿਸਮਾਂ ਦੇ ਵਾਜੇ ਮਿਲਵੀ ਸੁਰ ਵਿੱਚ ਵੱਜ ਰਹੇ ਹੋਣ ।

(ਚਲਦਾ)

# ਬੰਦਾ ਸਿੰਘ ਬਹਾਦਰ

-ਡਾ. ਗੁਰਬਚਨ ਸਿੰਘ

ਸਿੱਖ ਗੁਰੂ ਸਾਹਿਬਾਨ ਦੁਆਰਾ ਚਲਾਇਆ ਗਿਆ ਧਰਮ ਅੰਦੋਲਨ ਜੋ ਬੰਦਾ ਬਹਾਦਰ ਦੇ ਸਮੇਂ ਰਾਜਨੀਤਕ ਮੋੜ ਮੁੜ ਗਿਆ । ਸਿੱਖ ਧਰਮ ਵਿੱਚ ਇਕ ਮਹਾਨ ਕ੍ਰਾਂਤੀ ਸੀ । ਇਹੀ ਕਾਰਨ ਸੀ ਕਿ ਸਮਕਾਲੀ ਅਤੇ ਨਿਕਟ ਸਮਕਾਲੀ ਫਾਰਸੀ ਦੇ ਲੇਖਕਾਂ ਨੇ ਅਜਿਹੀ ਘਿਰਨਾ ਕਿਸੇ ਵੀ ਇਤਿਹਾਸਕ ਸ਼ਖਸੀਅਤ ਲਈ ਰੂਪਮਾਨ ਨਹੀਂ ਕੀਤੀ ਜਿੰਨੀ ਕਿ ਬੰਦਾ ਸਿੰਘ ਬਹਾਦਰ ਲਈ । ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹਨਾਂ ਵਿਅਕਤੀਆਂ ਦੇ ਹੱਥੋਂ ਜਿੰਨ੍ਹਾਂ ਦੀ ਬੰਦਾ ਸਿੰਘ ਬਹਾਦਰ ਦੁਆਰਾ ਤਬਾਹੀ ਕੀਤੀ ਗਈ ਹੋਵੇ ਪ੍ਰਸੰਸਾ ਕਰਨੀ ਜਾਂ ਸੁਣਨੀ ਅਸੰਭਵ ਸੀ । ਥੋਰਨਟਨ ਨੇ ਆਪਣੀ ਰਚਨਾ 'ਹਿਸਟਰੀ ਆਫ਼ ਦਾ ਪੰਜਾਬ' ਵਿੱਚ ਠੀਕ ਹੀ ਤਾਂ ਕਿਹਾ ਹੈ ਕਿ ਅਜਿਹੇ ਵਿਅਕਤੀਆਂ ਦਾ ਪੂਰਨ ਰੂਪ ਵਿੱਚ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ । ਉਹ ਬੰਦਾ ਸਿੰਘ ਬਹਾਦਰ ਨੂੰ ਇਕ ਦਾਨਵ ਜਾਂ ਦੁਰਆਤਮਾ ਦੇ ਰੂਪ ਵਿਚ ਪੇਸ਼ ਕਰਦੇ ਹਨ, ਪਰੰਤੂ ਇਤਿਹਾਸਕ ਸੰਦਰਭ ਵਿੱਚ ਦੇਖਣ ਤੋਂ ਪਤਾ ਚਲਦਾ ਹੈ ਕਿ ਬੰਦਾ ਸਿੰਘ ਬਹਾਦਰ ਸਬੰਧੀ ਕੋਈ ਅਜਿਹੀ ਗੱਲ ਨਹੀਂ ਸੀ। 'ਸੀਅਰਲ ਮੁਤਾਖਰਈਂ ਦਾ ਕਰਤਾ ਲਿਖਦਾ ਹੈ ਕਿ ਬੰਦਾ ਸਿੰਘ ਬਹਾਦਰ ਦੇ ਆਚਰਨ ਸਬੰਧੀ ਨਿਸਚੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਆਪਣੇ ਵੈਰੀ ਨਾਲ ਵੀ ਉਹ ਨੇਕੀ ਅਤੇ ਤੀਖਣਤਾ ਨਾਲ ਪੇਸ਼ ਆਉਂਦਾ , ਇਥੋਂ ਤੱਕ ਕਿ ਬਹੁਤ ਸਾਰੇ ਲਿਖਾਰੀ ਬੰਦਾ ਸਿੰਘ ਬਹਾਦਰ ਦੇ ਸੁਭਾਅ, ਸੀਤਲਤਾ ਅਤੇ ਦਲੇਰੀ ਸਬੰਧੀ ਖੁੱਲ੍ਹ ਕੇ ਗੱਲ ਕਰਦੇ ਹਨ । ਅਸਲ ਵਿੱਚ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਦੇ ਸਮੇ ਤੋਂ ਆਪਣੀ ਸ਼ਹੀਦੀ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦਾ ਪੈਰੋਕਾਰ ਰਿਹਾ ।

ਬੰਦਾ ਸਿੰਘ ਬਹਾਦਰ ਦਾ ਜਨਮ 17 ਅਕਤੂਬਰ ਸੰਨ 1670 ਈ: ਵਿੱਚ ਜ਼ਿਲਾ ਪੁੰਛ ਵਿੱਚ ਪਿੰਡ ਰਜੌਰੀ ਦੇ ਅਸਥਾਨ ਉਤੇ ਇਕ ਰਾਜਪੂਤ ਕਿਸਾਨ ਨਾਮ ਦੇਵ ਦੇ ਘਰ ਹੋਇਆ ਜਿਸ ਨੇ ਇਸ ਦਾ ਨਾਮ ਲਛਮਣ ਦਾਸ ਰੱਖਿਆ । ਇਕ ਰਵਾਇਤ ਅਨੁਸਾਰ ਉਸ ਦਾ ਦਿਲ ਇਤਨਾ ਨਾਜ਼ਕ ਸੀ ਕਿ ਇਕ ਵਾਰੀ ਉਸ ਨੇ ਗਰਭਵਤੀ ਹਿਰਨੀ ਦਾ ਸ਼ਿਕਾਰ ਕੀਤਾ ਜੋ ਉਸ ਦੇ ਸਾਹਮਣੇ ਆਪਣੇ ਬੱਚਿਆਂ ਸਹਿਤ, ਤੜਫ-ਤੜਫ ਕੇ ਜਾਨ ਦੇ ਗਈ । ਇਸ ਦੁਰਘਟਨਾ ਦਾ ਉਸ ਉਤੇ ਇਤਨਾ ਪ੍ਰਭਾਵ ਪਿਆ ਕੇ ਉਸ ਨੇ ਤਿਆਗੀ ਜੀਵਨ ਬਤੀਤ ਕਰਨ ਦਾ ਨਿਸ਼ਚਾ ਕੀਤਾ । ਉਸ ਨੇ ਆਪਣਾ ਨਾਂ ਬਦਲ ਕੇ ਮਾਧੋਦਾਸ ਰੱਖਿਆ ਅਤੇ ਧਾਰਮਿਕ ਕਰਤੱਵਾਂ ਨੂੰ ਨਿਭਾਉਂਦਾ ਹੋਇਆ ਗੋਦਾਵਰੀ ਦੇ ਕੰਢੇ ਉਤੇ ਨਾਸਕ ਦੇ ਅਸਥਾਨ ਉਤੇ ਜਾ ਪੁੱਜਾ ਉਹ ਅਮਰ ਨਾਮੀ ਜੋਗੀ ਦਾ ਚੇਲਾ ਬਣ ਗਿਆ ਜਿਸ ਨੇ ਉਸ ਨੂੰ ਮੰਤਰ ਵਿਦਿਆ ਸਿਖਾਈ । ਕੁਝ ਦੇਰ ਪਿੱਛੋਂ ਜੋਗੀ ਦੇ ਪ੍ਰਲੋਕ ਸਿਧਾਰਨ ਉਪਰੰਤ ਉਹ ਨੰਦੇੜ ਜਾ ਪੁੱਜਾ ਅਤੇ ਉਥੇ ਆਪਣੇ ਮੱਠ ਨੂੰ ਸਥਾਪਿਤ ਕੀਤਾ । ਸਤੰਬਰ 1708 ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਪੁੱਜੇ ਤਾਂ ਮਾਧੋਦਾਸ ਉਥੇ ਜਾਦੂ ਮੰਤਰ ਆਦਿ ਦਾ

ਆਸਰਾ ਲੈ ਯਾਤਰੀਆਂ ਨੂੰ ਭਰਮਾਉਂਦਾ । ਗੁਰੂ ਸਾਹਿਬ ਦੇ ਨਾਲ ਵੀ ਉਸ ਨੇ ਅਜਿਹਾ ਵਿਵਹਾਰ ਕਰਨ ਦਾ ਯਤਨ ਕੀਤਾ । ਅਹਿਮਦ ਸ਼ਾਹ ਬਾਟਲੀਆਂ ਆਪਣੀ ਰਚਨਾ 'ਤਾਰੀਖ-ਏ-ਹਿੰਦ' ਦੇ ਇਕ ਅਧਿਆਏ 'ਜ਼ਿਕਰ-ਏ-ਗੁਰੂਆਂ ਵਾ ਇਬਤਿਦਾ- ਏ-ਸਿੰਘਾਂ ਵਾ ਮਜ਼ਹਬ-ਏ-ਏਸ਼ਾਂ' ਵਿੱਚ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਬੰਦਾ ਬਹਾਦਰ ਜੀ ਉਸ ਦੇ ਮੱਠ ਵਿੱਚ ਨੰਦੇੜ ਸਾਹਿਰ ਵਿਖੇ ਨਿਮਨ-ਲਿਖਤ ਗੱਲ-ਬਾਤ ਹੋਈ :

ਮਾਧੋਦਾਸ : ਤੁਸੀ ਕੌਣ ਹੋ ?
ਗੁਰੂ ਗੋਬਿੰਦ ਸਿੰਘ : ਜਿਸ ਨੂੰ ਤੁਸੀਂ ਜਾਣਦੇ ਹੋ ।
ਮਾਧੋਦਾਸ : ਮੈਂ ਕੀ ਜਾਣਦਾ ਹਾਂ ?
ਗੁਰੂ ਗੋਬਿੰਦ ਸਿੰਘ : ਇਸ ਉਤੇ ਵਿਚਾਰ ਕਰੋ ।
ਮਾਧੋਦਾਸ : ਸੋ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਹੋ ।
ਗੁਰੂ ਗੋਬਿੰਦ ਸਿੰਘ : ਹਾਂ ।
ਮਾਧੋਦਾਸ : ਤੁਸੀਂ ਇਥੇ ਕਿਸੇ ਮੰਤਵ ਲਈ ਆਏ ਹੋ ?
ਗੁਰੂ ਗੋਬਿੰਦ ਸਿੰਘ : ਮੈਂ ਤੈਨੂੰ ਆਪਣਾ ਚੇਲਾ ਬਣਾਉਣ ਆਇਆਂ ਹਾਂ ।
ਮਾਧੋਦਾਸ : ਮੈਂ ਤੁਹਾਡੀ ਸ਼ਰਨ ਸਵੀਕਾਰ ਕਰਦਾ ਹਾਂ ।

ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ ਸੰਘਰਸ਼ ਆਰੰਭਣ ਹਿੱਤ ਬੰਦਾ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਅਤੇ ਇਕ ਨਗ਼ਾਰਾ ਝੰਡਾ ਅਤੇ ਪੰਜ ਤੀਰ ਆਪਣੇ ਤੀਰ ਕਮਾਨ ਵਿੱਚੋਂ ਕੱਢ ਕੇ ਦਿੱਤੇ ਅਤੇ ਪੰਜਾਬ ਨੂੰ ਰਵਾਨਾ ਕੀਤਾ । ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਤਾਕੀਦ ਕੀਤੀ ਕਿ ਉਹ ਆਚਰਣ ਵਿੱਚ ਸਚਿਆਰਾ ਰਹੇ । ਉਹ ਆਪਣੇ ਆਪ ਨੂੰ ਖਾਲਸੇ ਦਾ ਸੇਵਕ ਜਾਣਦਾ ਹੋਇਆ ਪੰਜ ਪਿਆਰਿਆਂ ਦੀ ਸਲਾਹ ਉਤੇ ਚਲੇ ।

ਗੁਰੂ ਸਾਹਿਬ ਨੇ ਆਪਣੇ ਸਿੰਘਾਂ ਦੇ ਨਾਮ ਬੰਦਾ ਸਿੰਘ ਬਹਾਦਰ ਨੂੰ ਕੁਝ ਹੁਕਮਨਾਮੇ ਵੀ ਦਿੱਤੇ ਤਾਂ ਜੋ ਉਹ ਪੰਜਾਬ ਵਿੱਚ ਉਸ ਦੁਆਲੇ ਇਕੱਤਰ ਹੋ ਸਕਣ । ਬੰਦਾ ਬਹਾਦਰ ਨੇ ਖੜਖਾਉਂਦੇ ਪ੍ਰਗਨੇ ਵਿੱਚ ਪਹੁੰਚ ਕੇ ਇਹ ਹੁਕਮ-ਨਾਮੇ ਆਗੂ ਸਿੰਘਾਂ ਦੇ ਨਾਂ ਭੇਜ ਦਿੱਤੇ ਉਸ ਨੇ ਉਨ੍ਹਾਂ ਨੂੰ ਜ਼ੁਲਮ ਦਾ ਨਾਸ਼ ਕਰਨ ਅਤੇ ਵਜ਼ੀਰ ਖਾਂ ਅਤੇ ਪਹਾੜੀ ਰਾਜਿਆਂ ਦੁਆਰਾ ਕੀਤੇ ਗਏ ਅਤਿਆਚਾਰਾਂ ਦੀ ਸਜ਼ਾ ਦੇਣ ਲਈ ਸੁਨੇਹੇ ਭੇਜੇ । ਕਿਹਾ ਜਾਂਦਾ ਹੈ ਕਿ ਛੇਤੀ ਹੀ ਬਹੁਤ ਸਾਰੇ ਸਿੰਘ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਤਰ ਹੋ ਗਏ ਜਿਨ੍ਹਾਂ ਨੂੰ ਲੈ ਕੇ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਤਰਫ ਕੂਚ ਕੀਤਾ ਅਤੇ ਮੋਟੇ-ਮੋਟੇ ਮੁਸਲਮਾਨਾਂ ਦੇ ਸਥਾਨਾਂ ਨੂੰ ਤਬਾਹ ਕੀਤਾ । 26 ਨਵੰਬਰ 1709 ਨੂੰ ਉਸ ਨੇ ਸਮਾਣਾ ਵਿਖੇ ਜੋ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਜਲਾਦ-ਜਲਾਲ-ਉਦ-ਦੀਨ ਦਾ ਨਿਵਾਸ ਅਸਥਾਨ ਸੀ ਫਤਿਹ ਕੀਤਾ । ਇਸ ਉਪਰੰਤ ਸ਼ਾਹਬਾਦ, ਡਸਕਾ, ਮੁਸਤਫਾਬਾਦ ਆਦਿ ਇਲਾਕਿਆਂ ਨੂੰ ਸੋਧਿਆ।

ਕਪੂਰੀ ਦੇ ਕਸਬੇ ਦਾ ਕਦਾਮ-ਉਦ-ਦੀਨ ਜੋ ਸਿੰਘਾਂ ਵਿਰੁੱਧ ਲੁੱਟ ਮਾਰ ਕਰਨ ਹਿੱਤ ਮੁਹਿੰਮਾਂ ਭੇਜਦਾ ਸੀ ਨੂੰ ਵੀ ਮਾਰ ਮੁਕਾਇਆ ਜਿਸ ਉਪਰੰਤ ਬੰਦੇ ਨੇ ਸਢੌਰੇ ਵੱਲ ਧਿਆਨ ਕੀਤਾ। ਸਢੌਰਾ ਹਿੰਦੂਆਂ ਵਿਰੁੱਧ ਜ਼ੁਲਮ ਢਾਉਣ ਦਾ ਇੱਕ ਮੰਨਿਆ ਪਰਮੰਨਿਆ ਕੇਂਦਰ ਸੀ। ਉਥੋਂ ਦੇ ਹਾਕਮ ਅਸਮਾਨ ਖਾਂ ਦੀ ਵੀ ਜਿਸ ਨੇ ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸਹਾਇਕ ਬੁੱਧੂ ਸ਼ਾਹ ਨੂੰ ਮਾਰ ਮੁਕਾਇਆ ਸੀ ਅਲਖ ਮਿਟਾਈ ਗਈ। ਬੰਦਾ ਬਹਾਦਰ ਦੀਆਂ ਇਨ੍ਹਾਂ ਜਿੱਤਾਂ ਦੇ ਕਾਰਨ ਸਥਾਨਕ ਕਿਸਾਨ ਉਸ ਦੇ ਨਾਲ ਹੋ ਗਏ। ਸਢੌਰੇ ਉਪਰੰਤ ਬੰਦਾ ਸਿੰਘ ਬਹਾਦਰ ਨੇ ਮੁਖਲਸ ਖਾਂ ਦੇ ਕਿਲ੍ਹੇ ਉੱਤੇ ਜਿੱਤ ਪ੍ਰਾਪਤ ਕੀਤੀ। ਇਸ ਦੌਰਾਨ ਮਾਲਵੇ ਤੇ ਮਾਝੇ ਦੇ ਸਿੱਖ ਵੀ ਬੰਦਾ ਸਿੰਘ ਬਹਾਦਰ ਨਾਲ ਮਿਲ ਗਏ।

ਸਰਹਿੰਦ ਨੂੰ ਉਸ ਸਮੇਂ ਇਸ ਲਈ ਦੁਰਕਾਰਿਆ ਗਿਆ ਕਿ ਉਥੇ ਵਜ਼ੀਰ ਖਾਂ ਦੁਆਰਾ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ। ਬੰਦਾ ਸਿੰਘ ਬਹਾਦਰ ਆਪਣੇ ਨਾਲ ਗੁਰੂ ਗੋਬਿੰਦ ਸਿੰਘ ਦੇ ਇਕੱਤਰ ਹੋਏ ਸ਼ਰਧਾਲੂਆਂ-ਫੂਲ ਪ੍ਰੀਵਾਰ ਦੇ ਰਾਮਾਂ ਤੇ ਤ੍ਰਿਲੋਕਾ ਦੁਆਰਾ ਭੇਜੀ ਕੁਮਕ ਅਤੇ ਕੁਝ ਅਜਿਹੇ ਵਿਅਕਤੀ ਨੂੰ ਨਾਲ ਲੈ ਕੇ ਜੋ ਸਿੱਖੀ ਅੰਦੋਲਨ ਵਿੱਚ ਹਮਦਰਦੀ ਰੱਖਦੇ ਸਨ ਅੱਗੇ ਨੂੰ ਵਧਿਆ। ਉਸ ਦੇ ਨਾਲ ਕੁਝ ਅਜਿਹੇ ਵਿਅਕਤੀ ਵੀ ਸਨ ਜੋ ਲੁੱਟ ਮਾਰ ਦੇ ਲਾਲਚ ਸਦਕਾ ਵੀ ਖਿਚੇ ਗਏ। ਇਨ੍ਹਾਂ ਸਮੂਹ ਸ਼੍ਰੇਣੀਆਂ ਦੀ ਗਿਣਤੀ ਖਾਫ਼ੀ ਖਾਂ ਦੀ 'ਮੁਨਤਖਿਬ-ਉਲ-ਲੁਬਾਬ' ਅਨੁਸਾਰ 40,000 ਸੀ। ਕਾਫ਼ੀ ਖਾਂ ਦਾ ਇਹ ਅੰਦਾਜ਼ਾ ਹੀ ਗਲਤ ਪ੍ਰਤੀਤ ਹੁੰਦਾ ਹੈ ਕਿਉਂ ਕਿ ਬੰਦਾ ਸਿੰਘ ਬਹਾਦਰ ਕੋਲ ਉਸ ਸਮੇਂ ਨਾ ਹੀ ਗੋਲੀ ਸਿੱਕਾ ਸੀ ਅਤੇ ਨਾ ਹੀ ਹਾਥੀ ਤੇ ਨਾ ਹੀ ਕਾਫ਼ੀ ਮਾਤਰਾ ਵਿੱਚ ਘੋੜ ਸਵਾਰ ਸਨ। 15 ਮਈ 1710 ਈ: ਵਿੱਚ ਚਪੜ ਚਿੜੀ ਦੇ ਯੁੱਧ ਵਿੱਚ ਨਵਾਬ ਵਜ਼ੀਰ ਖਾਂ ਦੀਆਂ ਫ਼ੌਜਾਂ ਨੂੰ ਭਾਰੀ ਹਾਰ ਹੋਈ। ਉਸ ਦੀ ਫ਼ੌਜ ਦਾ ਵਿਰਲਾ ਹੀ ਕੋਈ ਵਿਅਕਤੀ ਬੱਚ ਸਕਿਆ। ਲੜਾਈ ਵਿੱਚ ਜਿੱਤ ਤੋਂ ਦੋ ਦਿਨ ਬਾਅਦ ਬੰਦਾ ਸਿੰਘ ਬਹਾਦਰ 10 ਮੀਲ ਦੂਰੀ ਉਤੇ ਖੁਦ ਸਰਹਿੰਦ ਪੁੱਜਾ ਤੇ ਸ਼ਹਿਰ ਵਿੱਚ ਤਬਾਹੀ ਮਚਾਈ ਗਈ। ਕਮਵਰ ਖਾਂ ਦੇ 'ਤੁਜ਼ੱਕਿਰਾਤੁਸ ਸਲਾਤੀਨ-ਏ-ਚੁੰਗਤੀਆਂ' 'ਮੁਨਤਖਿਬ-ਉਲ-ਲੁਬਾਬ' ਅਤੇ 'ਸੀਅਰਲ ਮੁਤਾਖਰੀ' ਵਿੱਚ ਇਸ ਸੰਬੰਧੀ ਪੂਰੀ ਵਿਸਥਾਰ ਅੰਕਿਤ ਕੀਤੀ ਗਈ ਹੈ ਪ੍ਰੰਤੂ ਇਸ ਵਿਸ਼ੇ ਉਤੇ ਇਹ ਲਿਖਾਰੀ ਇਤਨੇ ਭਰੋਸੇਯੋਗ ਨਹੀਂ ਕਹੇ ਜਾ ਸਕਦੇ ਕਿਉਂਕਿ ਇਸ ਵਿੱਚ ਧਾਰਮਿਕ ਵਲਵਲੇ ਸ਼ਾਮਿਲ ਹਨ।

ਇਥੇ ਇਹ ਗੱਲ ਦੱਸਣੀ ਮਹੱਤਤਾਯੋਗ ਹੋਵੇਗੀ ਕਿ ਬੰਦਾ ਸਿੰਘ ਬਹਾਦਰ ਦੀ ਸਭ ਤੋਂ ਵੱਡੀ ਦੇਣ ਜ਼ਿਮੀਦਾਰੀ ਪ੍ਰਣਾਲੀ ਨੂੰ ਖਤਮ ਕਰਨਾ ਸੀ ਕਿਉਂ ਕਿ ਬੰਦਾ ਬਹਾਦਰ ਦੇ ਸਮੇਂ ਤਕ ਉਹ ਵੱਡੇ ਵੱਡੇ ਜ਼ਿਮੀਂਦਾਰ ਜੋ ਆਮ ਤੌਰ ਉਤੇ ਸਰਕਾਰੀ ਮੁਲਾਜ਼ਮ ਹੁੰਦੇ ਸਨ ਤੇ ਭੂਮੀ ਕਰ ਨੂੰ ਇਕੱਤਰ ਕਰਕੇ ਸਰਕਾਰ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦੇ ਜ਼ੁੰਮੇਵਾਰ ਸਨ ਪੂਰੇ ਭੂਮੀ ਦੇ ਮਾਲਕ ਬਣ ਚੁੱਕੇ ਸਨ। ਉਹ ਜਦੋਂ ਜੀਅ ਚਾਹੇ ਹਲ ਵਾਹਕ ਨੂੰ ਖੇਤਾਂ ਵਿੱਚੋਂ ਕੱਢ ਦਿੰਦੇ ਅਤੇ ਉਨ੍ਹਾਂ ਉਤੇ ਜਬਰ ਜੋਰ ਕਰਦੇ। ਆਪਣੀ ਮਰਜੀ ਨਾਲ ਕਰ ਲਗਾਉਂਦੇ ਤੇ ਪ੍ਰਾਪਤ ਕਰਦੇ ਸਨ ਬਹੁਤ ਸਾਰੇ

ਪ੍ਰਾਂਤਾਂ ਵਿੱਚ ਇਸ ਪ੍ਰਕਾਰ ਹੋ ਰਿਹਾ ਸੀ । ਬੰਦਾ ਬਹਾਦਰ ਨੇ ਭੂਮੀ ਵਾਹਕ ਨੂੰ ਭੂਮੀ ਦਾ ਮਾਲਕ ਘੋਸ਼ਿਤ ਕਰ ਦਿੱਤਾ । ਇਸ ਸਬੰਧ ਵਿੱਚ ਇਰਵਨ ਆਪਣੀ ਰਚਨਾ 'ਲੇਟਰ ਮੁਗਲਜ਼' ਵਿੱਚ ਲਿਖਦਾ ਹੈ ਕਿ ਬਹੁਤ ਸਾਰੇ ਪ੍ਰਗਨਿਆਂ ਵਿੱਚ ਜਿਨ੍ਹਾਂ ਦੇ ਸਿੱਖ ਮਾਲਕ ਬਣੇ ਭੂਮੀ-ਨੀਤੀ ਪੂਰਨ ਰੂਪ ਵਿੱਚ ਬਦਲਾ ਕੇ ਰੱਖ ਦਿੱਤੀ ਗਈ । ਗ਼ਰੀਬ ਗੁਰਬੇ ਹੱਲ-ਵਾਹਕ ਭੂਮੀ ਦੇ ਮਾਲਕ ਬਣ ਗਏ । ਉੱਚ ਜਨਮੇ ਤੇ ਸ਼ਾਹੂਕਾਰ ਉਨ੍ਹਾਂ ਦਾ ਸਤਿਕਾਰ ਕਰਨ ਲੱਗੇ । ਇਥੋਂ ਤਕ ਕਿ ਕੋਈ ਵੀ ਅਧਿਕਾਰੀ ਅਜਿਹਾ ਨਹੀਂ ਸੀ ਜੋ ਬੰਦਾ ਬਹਾਦਰ ਦੇ ਹੱਲ ਵਾਹਕਾਂ ਦੇ ਹਿੱਤ ਵਿੱਚ ਦਿੱਤੇ ਹੁਕਮਾਂ ਦੀ ਨਿਰਾਦਰੀ ਕਰਦਾ ਭਾਵੇਂ ਅਜਿਹਾ ਥੋੜੀ ਦੇਰ ਲਈ ਹੀ ਰਿਹਾ ।

ਇਸ ਉਪਰੰਤ ਬੰਦਾ ਬਹਾਦਰ ਨੇ ਜਲਾਲਾ ਬਾਦ ਤੇ ਜਲੰਧਰ ਦੇ ਇਲਾਕਿਆਂ ਦਾ ਘੇਰਾ ਕੀਤਾ । ਜਲੰਧਰ ਤੇ ਹੁਸ਼ਿਆਰਪੁਰ ਉਪਰ ਵੀ ਕਬਜ਼ਾ ਕਰ ਲਿਆ ਗਿਆ ਅਤੇ ਜਲਦੀ ਹੀ ਬੰਦਾ ਬਹਾਦਰ ਦਾ ਬੋਲ ਬਾਲਾ ਹੋ ਗਿਆ ਇਸ ਉਪਰੰਤ ਮਾਝੇ ਤੇ ਰਿਆੜਕੀ ਦਾ ਇਲਾਕਾ ਵੀ ਬੰਦਾ ਬਹਾਦਰ ਦੀ ਜਿੱਤ ਦਾ ਭਾਗੀ ਬਣਿਆ । ਮੁਹੰਮਦ ਕਾਸਿਮ ਦਾ 'ਇਬਰਤ-ਨਾਮਾ' ਅਤੇ 'ਚਹਾਰ ਗੁਲਸ਼ਨ' ਦਾ ਨਿਰਦੇਸ਼ਕ ਇਸ ਸੰਬੰਧੀ ਵਿਸਥਾਰ ਅੰਕਿਤ ਕਰਦਾ ਹੈ ।

ਬੰਦਾ ਬਹਾਦਰ ਆਪਣਾ ਝੰਡਾ ਲਾਹੌਰ ਦੀਆਂ ਦੀਵਾਰਾਂ ਤਕ ਲਿਜਾਣ ਵਿੱਚ ਸਫਲ ਹੋਇਆ ਜਿਸ ਦੇ ਫਲ-ਸਰੂਪ ਹਰਾ ਝੰਡਾ ਜਿਸ ਨੂੰ ਹੈਦਰੀ ਝੰਡਾ ਕਹਿੰਦੇ ਹਨ ਉਸ ਵਿਰੁਧ ਬੁਲੰਦ ਕੀਤਾ ਗਿਆ । ਤੇ ਸਿੱਖਾਂ ਵਿਰੁਧ ਜਹਾਦ ਸ਼ੁਰੂ ਕੀਤਾ ਗਿਆ ਇਹ ਜਹਾਦ ਇੰਨਾ ਸ਼ਕਤੀ-ਸ਼ਾਲੀ ਰੂਪ ਧਾਰਨ ਕਰ ਗਿਆ ਕਿ ਬੰਦਾ ਬਹਾਦਰ ਅਧੀਨ ਸਿੱਖਾਂ ਦਾ ਜੋ ਲਾਹੌਰ ਦੇ ਪੂਰਬ ਵਿੱਚ ਸਮੁੱਚੇ ਪੰਜਾਬ ਦੇ ਮਾਲਕ ਬਣ ਚੁੱਕੇ ਸਨ । ਸਖ਼ਤੀ ਨਾਲ ਮੁਕਾਬਲਾ ਕੀਤਾ ਗਿਆ । ਉਧਰ ਬੰਦਾ ਬਹਾਦਰ ਦੀ ਸ਼ਕਤੀ ਇਤਨੀ ਵਧ ਚੁੱਕੀ ਸੀ ਕਿ ਮੈਲਕਮ ਆਪਣੀ ਰਚਨਾ ਦਾ 'ਸਕੈਚ ਆਫ ਦਾ ਸਿੱਖਸ' ਵਿੱਚ ਲਿਖਦਾ ਹੈ ਕਿ ਜੇ 1710 ਵਿੱਚ ਬਹਾਦਰ ਸ਼ਾਹ ਦੱਖਣ ਵੱਲ ਨੂੰ ਨਾ ਚਲਿਆ ਜਾਂਦਾ ਤਾਂ ਬੰਦਾ ਬਹਾਦਰ ਦੇ ਅਧੀਨ ਸਿੱਖ ਸਾਰੇ ਹਿੰਦੁਸਤਾਨ ਨੂੰ ਵੱਸ ਕਰ ਲੈਂਦੇ ।

ਇਤਿਹਾਸਕਾਰਾਂ ਨੇ ਬੰਦਾ ਸਿੰਘ ਬਹਾਦਰ ਅਤੇ ਸ਼ਾਹੀ ਫ਼ੌਜਾਂ ਦੇ ਦਰਮਿਆਨ ਹੋਏ ਸੰਘਰਸ਼ ਨੂੰ ਵਿਸਥਾਰ ਨਾਲ ਚਿਤਰਿਆ ਹੈ ਜਿਸ ਦਾ ਇਥੇ ਵਰਣਨ ਕਰਨਾ ਕੋਈ ਬਹੁਤਾ ਲਾਭਦਾਇਕ ਨਹੀਂ ਹੋਵੇਗਾ ।

ਇਤਿਹਾਸਕ ਸੰਦਰਭ ਵਿੱਚ ਗੱਲ ਕਰਦਿਆਂ ਹੋਇਆ ਬੰਦਾ ਸਿੰਘ ਬਹਾਦਰ ਦੁਆਰਾ ਚਲਾਏ ਗਏ ਸਿੱਕਿਆਂ ਦਾ ਵਰਣਨ ਕਰਨਾ ਬਹੁਤ ਜ਼ਰੂਰੀ ਹੈ ਜੋ ਗੁਰੂ ਸਾਹਿਬ ਪ੍ਰਤੀ ਭਰੋਸੇ ਦੇ ਪ੍ਰਤੀਕ ਹਨ -

ਸਿੱਕਾ ਜਦ ਬਰ ਹਰ ਦੋ ਆਲਮ ਤੇਗ ਨਾਨਕ ਵਾਹਬ ਅਸਤ ।
ਫਤਿਹ ਗੋਬਿੰਦ ਸਿੰਘ ਸ਼ਾਹ ਸਾਰਾ ਫਜ਼ਲ ਸੱਚਾ ਸਾਹਿਬ ਅਸਤ ।

ਬੰਦਾ ਬਹਾਦਰ ਦੀ ਸੀਲ ਉਤੇ ਖੁਦੇ ਸ਼ਬਦ ਵੀ ਗੌਰ ਦੇ ਜਾਚਕ ਹਨ -

ਦੇਗ ਓ ਤੇਗ ਓ ਫਤਿਹ ਓ ਨਸਰਤ ਬੇਦਰੰਗ ।
ਯਾਫਤ ਅੱਜ ਨਾਨਕ ਗੁਰੂ ਗੋਬਿੰਦ ਸਿੰਘ ।

ਸਿੱਖਾਂ ਉਤੇ ਸਖ਼ਤੀ ਕਰਨ ਹਿੱਤ ਸ਼ਾਹੀ ਫ਼ੁਰਮਾਨ ਜਾਰੀ ਕੀਤੇ ਗਏ ।

ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਇਹ ਵੀ ਫੁਰਮਾਨ ਜਾਰੀ ਹੋਇਆ ਕਿ ਸਭ ਹਿੰਦੂ ਆਪਣੀਆਂ ਦਾੜੀਆਂ ਮੁਨਾ ਦੇਣ ਤਾਂ ਜੋ ਸਿੱਖਾਂ ਦੀ ਸਹਿਜੇ ਹੀ ਪਛਾਣ ਹੋ ਸਕੇ । ਇਵੇਂ ਪ੍ਰਤੀਤ ਹੁੰਦਾ ਹੈ ਜਿਵੇਂ ਬਹਾਦਰ ਸ਼ਾਹ ਉੱਤੇ ਪਾਗਲਪਨ ਦਾ ਭੂਤ ਸਵਾਰ ਹੋਇਆ ਹੋਵੇ ।

'ਸੀਅਰਲ ਮੁਤਾਖਰੀ' ਦਾ ਕਰਤਾ ਲਿਖਦਾ ਹੈ ਕਿ ਬਹਾਦਰ ਸ਼ਾਹ ਨੇ ਇਕ ਵਾਰੀ ਹੁਕਮ ਦਿੱਤਾ ਕਿ ਸਭ ਸ਼ਹਿਰ ਦੇ ਕੁੱਤੇ ਅਤੇ ਖੋਤਿਆਂ ਨੂੰ ਮਾਰ ਦਿੱਤਾ ਜਾਵੇ ਅਤੇ ਫਕੀਰਾਂ ਨੂੰ ਬਾਹਰ ਕੱਢ ਦਿੱਤਾ ਜਾਵੇ ।

18 ਫਰਵਰੀ 1712 ਵਿੱਚ ਬਹਾਦਰ ਸ਼ਾਹ ਦੀ ਮੌਤ ਉਪਰੰਤ ਉਸ ਦਾ ਲੜਕਾ ਜਹਾਨ ਦਰ ਸ਼ਾਹ ਗੱਦੀ ਉੱਤੇ ਬੈਠਾ ਪਰੰਤੂ 1713 ਈਸਵੀ ਵਿਚ ਫਰੁਖਸੀਅਰ ਨੇ ਉਸ ਨੂੰ ਕੱਢ ਦਿੱਤਾ ।

ਫਰੁਖਸੀਅਰ ਨੇ ਅਬਦਸ ਸਮੱਦ ਖਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਅਤੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੇ ਉਪਰਾਲੇ ਕੀਤੇ ਗਏ । 7 ਦਸੰਬਰ 1715 ਈਸਵੀ ਦੇ ਆਰੰਭ ਵਿੱਚ ਬੰਦਾ ਸਿੰਘ ਬਹਾਦਰ ਨੂੰ ਕਲਾਨੌਰ ਤੇ ਬਟਾਲਾ ਦੇ ਮੈਦਾਨਾਂ ਵਿੱਚ ਵੇਖਿਆ ਗਿਆ । ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਵਿਰੁੱਧ ਸੰਘਰਸ਼ ਆਰੰਭ ਰੱਖਿਆ ਅਤੇ ਅੰਤ ਨੂੰ ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚ ਸ਼ਾਹੀ ਫ਼ੌਜਾਂ ਦੇ ਹੱਥ ਆਇਆ । ਕਿਲ੍ਹੇ ਦਾ ਘੇਰਾ ਘੱਤ ਕੇ ਬੰਦਾ ਬਹਾਦਰ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਬੰਦੇ ਦੇ ਸਾਥੀਆਂ ਨੂੰ ਲੱਗਭੱਗ ਦੋ ਤਿੰਨ ਸੌ ਦੇ ਕਰੀਬ ਸਨ ਹੱਥ ਬੰਨ੍ਹ ਕੇ ਮੁਗ਼ਲ ਅਤੇ ਤਾਰਤਾਰ ਸਿਪਾਹੀਆਂ ਦੇ ਹਵਾਲੇ ਕੀਤਾ ਗਿਆ ਜਿਨ੍ਹਾਂ ਨੂੰ ਖਾਫੀ ਖਾਨ ਅਨੁਸਾਰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ । ਬੰਦੇ ਦੇ ਸਾਥੀਆਂ ਨੂੰ ਮਾਰਨ ਦਾ ਕੰਮ 5 ਮਾਰਚ 1716 ਨੂੰ ਆਰੰਭ ਕੀਤਾ ਗਿਆ । ਹਰ ਰੋਜ਼ ਇਕ ਸੌ ਸਿੱਖ ਸ਼ਹੀਦ ਕੀਤੇ ਜਾਂਦੇ ਸਨ ।

ਵੀਲਰ ਦੀ ਰਚਨਾ 'ਅਰਲੀ ਰਿਕਾਰਡ ਆਫ ਬ੍ਰਿਟਿਸ਼ ਇੰਡੀਆ' ਅਨੁਸਾਰ ਹਰ ਇਕ ਨੂੰ ਜੀਵਨ ਬਖਸ਼ਣ ਦਾ ਯਤਨ ਕੀਤਾ ਗਿਆ, ਜੇ ਉਹ ਆਪਣਾ ਧਰਮ ਤਿਆਗ ਦੇਵੇ ਤੇ ਮੁਸਲਮਾਨ ਬਣ ਜਾਵੇ ਪਰੰਤੂ ਕੋਈ ਅਜਿਹੀ ਮਿਸਾਲ ਦਿਖਾਈ ਨਹੀਂ ਦਿੱਤੀ ਕਿ ਕੋਈ ਵਿਅਕਤੀ ਆਪਣਾ ਧਰਮ ਤਿਆਗ ਗਿਆ ਹੋਵੇ । 9 ਜੂਨ 1716 ਈਸਵੀ ਨੂੰ ਬੰਦਾ ਸਿੰਘ ਬਹਾਦਰ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ । ਰਵਾਇਤ ਹੈ ਕਿ ਉਸ ਦੇ ਬੱਚੇ ਅਜੈ ਸਿੰਘ ਨੂੰ ਉਸ ਦੀ ਗੋਦ ਵਿੱਚ ਬੈਠਾਇਆ ਗਿਆ ਅਤੇ ਉਸ ਨੂੰ ਮਾਰਨ ਲਈ ਕਿਹਾ ਗਿਆ । ਬੰਦਾ ਸਿੰਘ ਬਹਾਦਰ ਦੇ ਨਾਂਹ ਕਰਨ ਉੱਤੇ ਉਸ ਦੇ ਬੱਚੇ ਦੇ ਟੁਕੜੇ-ਟੁਕੜੇ ਕਰ ਦਿੱਤੇ ਗਏ । ਬੰਦਾ ਸਿੰਘ ਬਹਾਦਰ ਕਠੋਰਤਾ-ਭਰੇ ਇਸ ਦ੍ਰਿਸ ਨੂੰ ਚੁਪ-ਚਾਪ ਸਹਿਣ ਕਰਦਾ ਗਿਆ । ਦੂਜੇ ਸ਼ਬਦਾਂ ਵਿੱਚ ਉਸ ਨੇ ਰੱਬੀ ਭਾਣੇ ਨੂੰ ਇਕ ਬੁੱਤ ਵਾਂਗ ਖੜੇ ਹੋ ਕੇ ਸਵੀਕਾਰ ਕੀਤਾ । ਖਾਫ਼ੀ ਖਾਨ ਅਤੇ ਮੁਹੰਮਦ ਹੁਸੈਨ ਆਪਣੀਆਂ ਲਿਖਤਾਂ ਵਿੱਚ ਇਸ ਕਥਨ ਦੀ ਪ੍ਰੋੜ੍ਹਤਾ ਕਰਦੇ ਹਨ ।

# ਖ਼ੂਨੀ ਇਤਿਹਾਸ ਦੇ ਖ਼ੂਨੀ ਪੱਤਰੇ

ਹਰਬੀਰ ਸਿੰਘ ਭੰਵਰ ਵੱਲੋਂ ਲਿਖੀ ਗਈ ਡਾਇਰੀ ਇਕ "ਖ਼ੂਨੀ ਇਤਿਹਾਸ" ਦੀ ਕਹਾਣੀ ਹੈ, ਜਿਸ ਦੇ ਹਰ ਅੱਖਰ 'ਚੋਂ ਸ਼ਹੀਦਾਂ ਦਾ ਖ਼ੂਨ ਚੋਂਦਾ ਹੈ । ਬਲਿਊ ਸਟਾਰ ਓਪਰੇਸ਼ਨ ਸਮੇਂ ਸਿੱਖ ਕੌਮ ਨਾਲ, ਪੰਜਾਬ ਤੇ ਅੰਮ੍ਰਿਤਸਰ ਵਾਸੀਆਂ ਨਾਲ ਕੀ ਬੀਤੀ, ਇਹ ਸਾਰੀ ਕਹਾਣੀ ਤਾਂ ਕੋਈ ਹੋਰ ਲਿਖੇਗਾ , ਪਰ ਇਕ ਪੱਤਰਕਾਰ ਦੇ ਤੌਰ 'ਤੇ ਉਹਨਾਂ ਨੇ ਜੋ ਜੂਨ, 1984 ਵਿੱਚ "ਅਤਿਵਾਦੀਆਂ" ਨੂੰ ਦਰਬਾਰ ਸਾਹਿਬ ਵਿੱਚੋਂ ਕੱਢਣ ਬਾਰੇ ਵੇਖਿਆ ਤੇ ਸੁਣਿਆ ਉਸ ਦੀ ਰੋਂਗਟੇ ਖੜ੍ਹੇ ਕਰਨ ਵਾਲੀ ਕਥਾ ਆਪਣੀ ਡਾਇਰੀ ਵਿਚ ਨੋਟ ਕੀਤੀ ਹੈ ।

ਬਾਅਦ ਵਿੱਚ ਜਦੋਂ ਪੱਤਰਕਾਰ ਭੰਵਰ ਨੂੰ ਖਿਆਲ ਆਇਆ ਕਿ ਇਹ ਨੇੜਿਓਂ ਤੱਕੀ ਕਹਾਣੀ ਸੰਸਾਰ ਭਰ ਦੇ ਸਿੱਖਾਂ ਨੂੰ ਕਿਵੇਂ ਦੱਸੀ ਜਾ ਸਕਦੀ ਹੈ, ਤਦ ਉਨ੍ਹਾਂ ਨੇ ਜੋ ਕੁਝ ਨਹੀਂ ਵੇਖਿਆ ਸੀ, ਉਸ ਬਾਰੇ ਸਿੰਘ ਸਾਹਿਬਾਨ ਤੇ ਦੂਸਰੇ ਦੋਸਤਾਂ ਮਿੱਤਰਾਂ ਤੋਂ ਪੁੱਛ ਕੇ ਹਾਲਾਤ ਨੋਟ ਕੀਤੇ ।

ਮੇਰੇ ਇਕ ਸੁਪਰੀਮ ਕੋਰਟ ਦੇ ਐਡਵੋਕੇਟ ਸਾਥੀ ਨੇ ਅੰਮ੍ਰਿਤਸਰ ਵਿੱਚ ਬੀਤੇ ਘੱਲੂ-ਘਾਰੇ ਦਾ ਜ਼ਿਕਰ ਕਰਦਿਆਂ ਇਕ ਦਰਦਨਾਕ ਚਿੱਠੀ ਲਿਖੀ, ਜਿਸ ਵਿੱਚ ਇਹ ਪਸ਼ੀਨਗੋਈ ਵੀ ਕੀਤੀ ਕਿ ਸਿੱਖਾਂ ਦੇ ਮੱਕੇ-ਮਦੀਨੇ ਨਾਲ ਕੀ ਬੀਤੀ ਤੇ ਕਿਉਂ ਬੀਤੀ, ਦਾ ਪੂਰਾ ਪੂਰਾ ਨਿਰਣਾ 1984 ਵਿੱਚ ਨਹੀਂ ਹੋ ਸਕਦਾ, ਸਹੀ ਹਿਸਟਰੀ 2084 ਵਿੱਚ ਲਿਖੀ ਜਾਵੇਗੀ ਜਦੋਂ ਮੌਜੂਦਾ ਪਾਤਰਾਂ ਵਿੱਚੋਂ ਕੋਈ ਵੀ ਕਿਸੇ ਤੇ ਗ਼ੈਰਵਾਜਬ ਅਸਰ ਪਾਉਣ ਲਈ ਮੌਜੂਦ ਨਹੀਂ ਹੋਵੇਗਾ । ਆਉਣ ਵਾਲੇ ਇਤਿਹਾਸਕਾਰ ਬਲਿਊ ਸਟਾਰ ਓਪਰੇਸ਼ਨ ਦੀ ਉਸ ਕਹਾਣੀ 'ਤੇ ਰੌਸ਼ਨੀ ਪਾਉਣਗੇ, ਜਿਹੜੀ ਕਹਾਣੀ ਕਿਤਾਬਾਂ ਵਿੱਚ ਨਹੀਂ ਲਿਖੀ ਹੋਈ, ਕੁਝ ਮਰਨ ਵਾਲਿਆਂ ਦੇ ਮਨਾਂ ਤੇ ਉਕਰੀ ਹੋਈ ਸੀ ।

ਇਤਿਹਾਸ ਦੇ ਵਿਦਿਆਰਥੀ ਦੇ ਤੌਰ ਤੇ ਭੰਵਰ ਸਾਹਿਬ ਦੀ ਡਾਇਰੀ ਪੜ੍ਹਨ ਪਿੱਛੋਂ ਮੈਂ ਮਨੁੱਖਤਾ ਦੀ ਸਭਿਅਤਾ ਬਾਰੇ ਜਾਨਣ ਲਈ ਖ਼ੁਦ ਵੀ ਯਤਨ ਕੀਤੇ ਤੇ ਕੁਝ ਦੋਸਤਾਂ ਮਿੱਤਰਾਂ ਨੂੰ ਵੀ ਲਿਖਿਆ ਕਿ ਮੈਨੂੰ ਛੇਤੀ ਤੋਂ ਛੇਤੀ ਦੱਸਿਆ ਜਾਵੇ ਕਿਧਰੇ ਕਿਸੇ "ਸੈਕੂਲਰ ਦੇਸ਼" ਦੀ ਫ਼ੌਜ ਹਲਕ ਗਈ ਹੋਵੇ ਤੇ ਉਨ੍ਹਾਂ ਨੇ ਕਿਸੇ ਕੌਮ ਦੇ ਮੱਕੇ ਮਦੀਨੇ ਨੂੰ ਮੰਨਣ ਵਾਲਿਆਂ ਨਾਲ ਇਸ ਤਰ੍ਹਾਂ ਕੀਤਾ ਹੋਵੇ, ਜਿਸ ਤਰ੍ਹਾਂ ਬਲਿਊ ਸਟਾਰ ਓਪਰੇਸ਼ਨ ਵੇਲੇ ਸਿੱਖਾਂ ਨਾਲ ਹੋਇਆ ਹੈ । ਪਰ ਸਾਰਿਆਂ ਨੇ ਖਿਮਾਂ ਦੇ ਜਾਚਕ ਹੁੰਦਿਆ ਲਿਖਿਆ ਕਿ ਅੱਜ ਤੱਕ ਦੁਨੀਆਂ ਭਰ ਦੇ ਦੇਸ਼ਾਂ ਦੀ ਫ਼ੌਜ ਆਪਣੇ ਦੁਸ਼ਮਣਾਂ ਦੇ ਦੰਦ ਖੱਟੇ ਕਰਨ ਲਈ ਵਰਤੀ ਜਾਂਦੀ ਰਹੀ ਹੈ, ਕਿਧਰੇ ਇਸ ਕਿਸਮ ਦੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਫ਼ੌਜ ਨੇ ਆਪਣੇ ਹੀ ਦੇਸ਼ ਦੇ ਲੋਕਾਂ ਉਤੇ ਖਾਸ ਕਰ ਉਨ੍ਹਾਂ ਉਤੇ ਅਜਿਹਾ ਜ਼ੁਲਮ ਢਾਇਆ ਹੋਵੇ, ਜਿਨ੍ਹਾਂ ਨੇ ਉਸ ਦੇਸ਼ ਦਾ ਧਰਮ ਬਚਾਉਣ ਲਈ ਅਤੇ ਉਸ ਨੂੰ ਆਜ਼ਾਦ ਕਰਾਉਣ ਲਈ ਆਪਣੇ ਆਪ ਦਾ ਬਲੀਦਾਨ ਦਿੱਤਾ ਹੋਵੇ ।

ਚੰਗੇਜ਼ ਖਾਂ ਦਾ ਨਾਮ ਇਕ ਜ਼ਾਲਮ ਹਮਲਾਵਰ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ । ਇਸੇ ਤਰ੍ਹਾਂ ਔਰੰਗਜ਼ੇਬ ਤੋਂ ਅਹਿਮਦ ਸ਼ਾਹ ਅਬਦਾਲੀ ਹੋਰਾਂ ਬਾਰੇ ਲੋਕ ਤਲਖ਼ੀ ਨਾਲ ਗੱਲਾਂ ਕਰਦੇ ਹਨ । ਜਿਨ੍ਹਾਂ ਲੋਕਾਂ ਨੇ ਸੋਮ ਨਾਥ ਦਾ ਮੰਦਰ ਬਾਰ ਬਾਰ ਲੁਟਿਆ ਉਨ੍ਹਾਂ ਨੇ ਵੀ ਕਿਸੇ ਪੁਜਾਰੀ ਜਾਂ ਸ਼ਰਧਾਲੂ ਦੇ ਛੁਰਾ ਨਾ ਮਾਰਿਆ, ਪਰ ਅੰਮ੍ਰਿਤਸਰ ਵਿੱਚ ਅਜਿਹਾ ਕਿਉਂ ਹੋਇਆ ? ਇਸ਼ਨਾਨ ਕਰਨ ਗਏ ਲੋਕਾਂ ਨੂੰ ਗੋਲੀਆਂ ਨਾਲ ਕਿਉਂ ਭੁੰਨਿਆ ਗਿਆ ਤੇ ਜੋ ਬੱਚ ਰਹੇ ਉਨ੍ਹਾਂ ਨੂੰ ਸੰਗਲਾਂ 'ਚ ਨੂੜ ਕੇ "ਵੇਜਿੰਗ ਆਫ਼ ਵਾਰ" ਦੀ ਧੌਂਸ ਥੱਲੇ ਜੇਲ੍ਹ ਵਿੱਚ ਕਿਉਂ ਸੁੱਟਿਆ ਗਿਆ, ਕੀ ਸਿੱਖਾਂ ਬਾਰੇ ਚੜ੍ਹਿਆ ਹੋਇਆ ਗੁੱਸਾ ਏਨੀ ਕਾਰਵਾਈ ਕਰਨ ਪਿੱਛੋਂ ਲੱਥ ਗਿਆ ?

ਕਿਸੇ ਭੰਵਰ ਨੇ ਨਵੰਬਰ 1984 ਵਿੱਚ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਮਨੁੱਖੀ ਪਾਗਲਪਨ ਦੇ ਉਠੇ ਤੂਫਾਨ ਦੀ ਡਾਇਰੀ ਵੀ ਲਿਖੀ ਹੋਵੇਗੀ । ਇਹ ਸਾਰੀਆਂ ਡਾਇਰੀਆਂ ਕਿਸੇ ਦਿਨ ਇਕੱਠੀਆਂ ਹੋ ਜਾਣੀਆਂ ਹਨ ਤੇ ਨਾਲ ਹੀ ਸੁਪਰੀਮ ਕੋਰਟ ਦੇ ਰਿਟਾਇਰਡ ਚੀਫ਼ ਜਸਟਿਸ ਸ੍ਰੀ ਐਸ.ਐਮ ਸੀਕਰੀ ਸਾਹਿਬ ਤੇ ਬੰਬਈ ਹਾਈ ਕੋਰਟ ਦੇ ਰਿਟਾਇਰਡ ਜਸਟਿਸ ਸ੍ਰੀ ਤਾਰਕੁੰਡੇ ਦੇ ਫੈਸਲੇ ਲਿਆਉਣੇ ਪੈਣਗੇ । ਇਸੇ ਤਰ੍ਹਾਂ ਸਿਵਲ ਲਿਬਰਟੀਜ਼ ਲਈ ਜੂਝ ਰਹੇ ਸੱਚੇ ਮਨੁੱਖਾਂ ਵੱਲੋਂ "ਦੋਸ਼ੀ ਕੌਣ ਹੈ" ਦੇ ਫਤਵੇ ਇਸ ਦੇ ਨਾਲ ਨੱਥੀ ਕਰਨੇ ਪੈਣਗੇ । ਫੇਰ ਸਭਿਯਾ ਸੰਸਾਰ ਨੂੰ ਕੁਝ ਕੁਝ ਪਤਾ ਲੱਗ ਸਕੇਗਾ ਕਿ ਪਿਛਲੇ 38 ਸਾਲਾਂ ਵਿਚ ਇਸ ਆਜ਼ਾਦ ਭਾਰਤ ਵਿਚ ਸਿੱਖਾਂ ਦਾ ਕੀ ਮੁੱਲ ਪਿਆ ।

ਭੰਵਰ ਦੀ ਡਾਇਰੀ ਪੜ੍ਹਕੇ ਮੈਨੂੰ ਲੇਖਕ ਦੀ ਮਾਨਸਿਕ ਅਵਸਥਾ ਉਤੇ ਬੇਹੱਦ ਤਰਸ ਆਇਆ । ਉਸਨੇ ਆਪਣੀ ਰਚਨਾ "ਡਾਇਰੀ ਦੇ ਪੰਨੇ" ਜੋ ਇਤਿਹਾਸ ਬਣ ਗਏ" ਪਹਿਲੀ ਜੂਨ 1984 ਤੋਂ ਲੈ ਕੇ 10 ਜੂਨ 1984 ਤੱਕ ਜੋ ਘੱਲੂਆਰਾ ਅੱਖੀਂ ਡਿੱਠਾ ਤੇ ਕੰਨੀ ਸੁਣਿਆ, ਉਹ ਜਿਸ ਭਾਸ਼ਾ ਵਿਚ ਬਿਆਨ ਕੀਤੇ ਗਏ ਹਨ । ਉਨ੍ਹਾਂ ਨੂੰ ਪੜ੍ਹ ਕੇ ਵੱਡੇ ਤੋਂ ਵੱਡੇ ਦਿਲ ਵਾਲੇ ਦੀਆਂ ਭੁੱਬਾਂ ਨਿਕਲ ਜਾਂਦੀਆਂ ਹਨ । ਇਸੇ ਲਈ ਇਕ ਬਹਾਦਰ ਜਰਮਨ ਇਸਤਰੀ ਪੱਤਰਕਾਰ ਨੇ ਇਕ ਫ਼ੌਜੀ ਅਫਸਰ ਨੂੰ ਲਾਹਨਤਾਂ ਪਾਉਂਦਿਆਂ ਕਿਹਾ "ਤੁਸੀਂ ਸ਼ੈਤਾਨਾਂ ਨੇ ਇਸ ਇਨਰਮੇਸ਼ਨ ਅਫਸਰ ਤੇ ਪਸਤੌਲ ਤਾਨਣ ਦੀ ਜੁਅਰਤ ਕਿਵੇਂ ਕੀਤੀ ਪਹਿਲਾਂ ਮੈਨੂੰ ਗੋਲੀ ਮਾਰੋ, ਮੈਂ ਸਾਰੇ ਸੰਸਾਰ ਨੂੰ ਦੱਸਾਂਗੀ ਕਿ ਤੁਸੀਂ ਕੀ ਹੋ ?"

ਸਾਰੇ ਸੰਸਾਰ ਵਿਚ ਸਾਇੰਸ ਦੇ ਖੇਤਰ ਵਿਚ ਵਧੇ ਕੁਝ ਦੇਸ਼ ਸੈੱਟਲਾਇਟ ਦੀ ਮਦਦ ਨਾਲ ਅੰਮ੍ਰਿਤਸਰ ਵਿਚ ਹੋ ਰਹੇ ਕਤਲੇਆਮ ਦੀਆਂ ਫਿਲਮਾਂ ਟੀ.ਵੀ. ਤੇ ਵਿਖਾ ਰਹੇ ਸਨ, ਉਨ੍ਹਾਂ ਦੇ ਰੇਡੀਓ ਤੇ ਇਨਫਰਮੇਸ਼ਨ ਦੇ ਸਾਧਨ ਵੱਧ ਤੋਂ ਵੱਧ ਸੱਚੀਆਂ ਗੱਲਾਂ ਕਹਿ ਰਹੇ ਸਨ, ਪਰ ਸਾਡਾ ਰੇਡੀਓ ਤੇ ਟੀ.ਵੀ. ਇਕ ਪਾਸੜ ਕਹਾਣੀ ਦੱਸ ਰਹੇ ਸਨ । ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਨੇ ਬੜੇ ਦੁਖੀ ਹੋ ਕੇ ਕਿਹਾ ਕਿ "ਦਰਬਾਰ ਸਾਹਿਬ ਤੇ ਮਾਰੀਆਂ ਜਾਣ ਵਾਲੀਆਂ ਗੋਲੀਆਂ ਸਿੱਖ ਕੌਮ ਨੂੰ ਇੱਕ ਖੁੱਲ੍ਹਾ ਚੈਲਿੰਜ ਹਨ । ਮੁਗਲਾਂ ਤੋਂ ਪਿਛੋਂ ਮੌਜੂਦਾ ਸਰਕਾਰ ਹੀ ਹੈ ਜਿਸ ਨੇ ਸ੍ਰੀ ਦਰਬਾਰ ਸਾਹਿਬ ਉਤੇ ਗੋਲੀਆਂ ਚਲਾਕੇ ਸਿੱਖਾਂ ਦੀ ਅਣਖ ਨੂੰ ਵੰਗਾਰਿਆਂ ਹੈ । ਇਹ ਸਰਕਾਰ

ਦੀ ਘਿਰਣਾ ਅਤੇ ਵਹਿਸ਼ੀਆਨਾ ਕਾਰਵਾਈ ਭਾਰਤ ਦੇ ਸੈਕੂਲਰਇਜ਼ਮ ਅਤੇ ਲੋਕਤੰਤਰ ਦੇ ਮੱਥੇ ਉਤੇ ਇਕ ਨਾ ਮਿਟਣ ਵਾਲਾ ਕਲੰਕ ਹੈ । ਇੱਥੇ ਘੱਟ ਗਿਣਤੀਆਂ ਦਾ ਧਰਮ, ਰਹੁ ਰੀਤਾਂ ਅਤੇ ਧਾਰਮਿਕ ਅਸਥਾਨ ਮਹਿਫ਼ੂਜ ਨਹੀਂ । ਉਹ ਦੇਸ਼ ਕਿਸੇ ਪੱਖੋਂ ਵੀ ਸੈਕੂਲਰ ਨਹੀਂ ਕਿਹਾ ਜਾ ਸਕਦਾ । ਅਸੀਂ ਹੋਰ ਸਭ ਕੁਝ ਬਰਦਾਸ਼ਤ ਕਰ ਸਕਦੇ ਹਾਂ, ਪਰ ਸ੍ਰੀ ਦਰਬਾਰ ਸਾਹਿਬ, ਜੋ ਕੌਮ ਦਾ ਮਹਾਨ ਪਵਿੱਤਰ ਅਸਥਾਨ ਹੈ, ਉਸ ਦਾ ਅਪਮਾਨ ਸਹਿਣਾ ਔਖਾ ਹੈ।'' ਪਰ ਅਪਮਾਨ ਤਾਂ ਛੋਟੀ ਜਿਹੀ ਚੀਜ਼ ਹੈ ਜੋ ਕੁਝ ਅੰਮ੍ਰਿਤਸਰ ਵਿੱਚ ਬੀਤੀ ਉਹ ਕਹਾਣੀ ਨਾ-ਕਾਬਲੇ ਬਿਆਨ ਤੇ ਨਾ-ਕਾਬਲੇ ਬਰਦਾਸ਼ਤ ਹੈ ।

ਅੰਮ੍ਰਿਤਸਰ ਦੇ ਬਲਿਊ ਸਟਾਰ ਓਪਰੇਸ਼ਨ ਦੇ ਇਕ ਪਾਤਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਵਿਰੁਧ ਲੋੜ ਤੋਂ ਵੱਧ ਘਿਰਣਤ ਪ੍ਰਾਪੇਗੰਡਾ ਕੀਤਾ ਗਿਆ । ਉਸ ਨੂੰ ਦੁਨੀਆਂ ਦਾ ਬਦਤਰੀਨ ਕਿਸਮ ਦਾ ''ਮੈਨ ਕਿਲਰ'' ਸਾਬਤ ਕਰਨ ਦੇ ਯਤਨ ਕੀਤੇ ਗਏ । ਹਿੰਦੂਆਂ ਵਰਗੀ ਸਿਆਣੀ ਕੌਮ ਇਹ ਨਾ ਸਮਝ ਸਕੀ ਕਿ ਸਿੱਖਾਂ ਦੇ ਹਿੰਦੂਆਂ ਵਿਚਕਾਰ ਨਫ਼ਰਤ ਦੀਆਂ ਲਕੀਰਾਂ ਕੌਣ ਖਿਚ ਰਿਹਾ ਹੈ । ਇਧਰ ਉਧਰ ਦੋ ਚਾਰ ਥਾਵਾਂ ਦੇ ਹਿੰਦੂ ਕਿਸ ਨੇ ਮਰਵਾਏ ? ਮੰਦਰਾਂ ਵਿੱਚ ਗਊਆਂ ਦੀਆਂ ਪੂਛਾਂ ਤੇ ਸਿਰ ਕਿਸਨੇ ਸੁਟਵਾਏ ਹਨ ਇਸੇ ਤਰ੍ਹਾਂ ਦਰਬਾਰ ਸਾਹਿਬ ਵਿੱਚ ਸਿਗਰਟਾਂ ਦੀਆਂ ਡੱਬੀਆਂ ਸੁੱਟਣ ਦਾ ਕਿਸ ਹਤਿਆਰੇ ਨੇ ਕੰਮ ਕੀਤਾ ਹੈ ।

ਇਤਿਹਾਸ ਉਨ੍ਹਾਂ ਗੁਨਾਹਗਾਰਾਂ ਨੂੰ ਰਹਿੰਦੀ ਦੁਨੀਆਂ ਤੱਕ ਕੋਸਦਾ ਰਹੇਗਾ ਜਿਨ੍ਹਾਂ ਨੇ ਕੁਰਸੀਆਂ ਤੇ ਵੋਟਾਂ ਲਈ ਦੋ ਕੌਮਾਂ ਵਿਚਕਾਰ ਰੋਟੀ ਬੇਟੀ ਦੇ ਸੰਬੰਧ ਹੋਣ ਦੇ ਬਾਵਜੂਦ ਨਫ਼ਰਤ ਤੇ ਘਿਰਣਾ ਦੀਆਂ ਦੀਵਾਰਾਂ ਉਚੀਆਂ ਕੀਤੀਆਂ । ਹਿੰਦੁਸਤਾਨ ਭਰ ਦੇ ਹਿੰਦੂਆਂ ਨੂੰ ਭੜਕਾਇਆ ਗਿਆ ਕਿ ਮੁੱਠੀ ਭਰ ਸਿੱਖ ਕਿਸ ਤਰ੍ਹਾਂ ਹਿੰਦੂਆਂ ਨੂੰ ਮਾਰ ਰਹੇ ਹਨ । ਜੇ ਹਿੰਦੂ ਇਸ ਹਕੀਕਤ ਨੂੰ ਸਮਝ ਸਕਦੇ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਾਸ਼ ਦੁਆਲੇ ਭੰਗੜੇ ਪਾਉਣ ਤੇ ਮਿਠਾਈਆਂ ਵੰਡਣ ਦੀ ਲੋੜ ਨਾ ਰਹਿ ਜਾਂਦੀ । ਜਨਤਾ ਪਾਰਟੀ ਤੇ ਚੀਫ਼ ਖਾਲਸਾ ਦੀਵਾਨ ਦਾ ਪ੍ਰਧਾਨ ਪੁਲਿਸ ਕੋਲ ਪਰੋਟੈਸਟ ਕਰਦਾ ਹੈ ਕਿ ਸੰਤ ਜਰਨੈਲ ਸਿੰਘ ਦੀ ਲਾਸ਼ ਗੰਦਗੀ ਢੋਣ ਵਾਲੀ ਗੱਡੀ ਵਿੱਚ ਸੁੱਟਕੇ ਕਿਉਂ ਲਿਜਾਈ ਗਈ ਪਰ ਪੁਲਿਸ ਦਾ ਸਿਆਣਾ ਅਫ਼ਸਰ ਆਪਣੇ ਬੁਲ੍ਹ ਘੁੱਟ ਰਖਦਾ ਹੈ । ਉਹ ਸਭ ਕੁਝ ਜਾਣਦਾ ਹੋਇਆ ਵੀ ਬੋਲਣ ਤੋਂ ਅਸਮਰਥ ਹੈ । ਉਸ ਦਾ ਬੋਲਣਾ ਬਣਦਾ ਵੀ ਨਹੀਂ ਸੀ । ਅਜਿਹੇ ਮੌਕੇ 'ਤੇ ਜੇ ਕੋਈ ਸਿੱਖ ਫ਼ੌਜੀ ਕਿਸੇ ਸਿੱਖ ਨੂੰ ਆਪਣੇ ਵਿਹੜੇ ਵਿੱਚ ਫ਼ਿਰਦਿਆਂ ਗੱਡੀ ਰੋਕ ਕੇ ਕਹਿੰਦਾ ਹੈ, ''ਸਰਦਾਰ ਜੀ ਅੰਦਰ ਚਲੇ ਜਾਓ, ਅਸੀਂ ਹਲਕ ਗਏ ਹਾਂ ।'' ਤਦ ਇਹ ਕੋਈ ਨਾ ਵਾਜਬ ਵਾਰਨਿੰਗ ਨਹੀਂ ਕਿਉਂਕਿ ਸਾਡੀ ਸਰਕਾਰ ਇੰਨਾ ਕੁਝ ਕਰਨ ਦੇ ਬਾਵਜੂਦ ਆਪਣੇ ਰੇਡੀਓ ਤੇ ਬਾਰ ਬਾਰ ਕਹਿ ਰਹੀ ਹੈ, ''ਸਥਿਤੀ ਨਿਯੰਤਰਣ ਮੇਂ ਹੈ ।'' ਰੇਡੀਓ ਤੋਂ ਗੁਰਬਾਣੀ ਦਾ ਕੀਰਤਨ ਹੋ ਰਿਹਾ ਹੈ । ਪਰ ਨਾਲ ਗੋਲੀਆਂ ਚੱਲਣ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ । ਅੰਮ੍ਰਿਤ-ਵਰਸ਼ਾ ਦੇ ਨਾਲ-ਨਾਲ ਅੱਗੀ ਦੇ ਅੰਗਿਆਰ, ਇਹ ਕੈਸਾ ਦੁਮੇਲ ਹੈ ।

ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ 1846-47 ਵਿੱਚ ਹੋਈਆਂ ਸਨ, ਪਰ ਅਜੇ ਤੱਕ ਉਥੇ ਹੜ੍ਹ ਬੋਲਦਾ ਹੈ, ਮਾਰੋ ਮਾਰ ਦੀਆਂ ਆਵਾਜ਼ਾ ਆ ਰਹੀਆਂ ਹਨ । ਜਲ੍ਹਿਆਂ ਵਾਲੇ ਬਾਗ਼ ਵਿੱਚ ਜਨਰਲ ਡਾਇਰ ਦੇ ਹੁਕਮ ਨਾਲ ਆਜ਼ਾਦੀ ਦਾ ਹੱਕ ਮੰਗਦੇ ਹਿੰਦੁਸਤਾਨੀਆਂ ਨੂੰ ਜਿਸ ਤਰ੍ਹਾਂ ਗੋਲੀਆਂ ਨਾਲ ਭੁੰਨਿਆ ਗਿਆ ਤੇ 1302 ਬੰਦੇ ਕਤਲ ਕੀਤੇ ਗਏ, ਉਨ੍ਹਾਂ ਵਿੱਚ 799 ਸਿੱਖ ਸਨ, ਉਨ੍ਹਾਂ ਦੇ ਜੈਕਾਰੇ ਅਜੇ ਵੀ ਸੁਣਾਈ ਦਿੰਦੇ ਹਨ । ਜੋ ਕੋਈ ਸਮਝਦਾ ਹੈ ਕਿ ਅੰਮ੍ਰਿਤਸਰ ਵਿੱਚ ਬਲਿਊ ਸਟਾਰ ਓਪਰੇਸ਼ਨ ਕਰਨ ਪਿੱਛੋਂ ਸਿੱਖਾਂ ਉਤੇ ਪੂਰੀ ਪੂਰੀ ਫਤਿਹ ਪਾ ਲਈ ਗਈ ਹੈ ਤਦ ਉਹ ਆਪਣੀ ਗ਼ਲਤ ਫ਼ਹਿਮੀ ਦੇ ਜਾਲ ਵਿੱਚ ਉਲਝਿਆ ਹੋਇਆ ਹੈ ।

ਹਿੰਸਾ ਕਿਸੇ ਦੁੱਖ ਦਾ ਇਲਾਜ ਨਹੀਂ ਹੈ । ਭਾਵੇਂ ਇਹ ਕਿਸੇ ਵੱਲੋਂ ਵੀ ਕੀਤੀ ਗਈ ਹੋਵੇ । ਜਿਸ ਬੰਦੇ ਪਾਸ ਸ਼ਕਤੀ ਹੋਵੇ, ਜਾਂ ਉਸਦੇ ਮੁਨਾਸਿਫ, ਉਸਦੇ ਅਧਿਕਾਰੀ, ਉਸਦੀ ਫ਼ੌਜ ਤੇ ਪੁਲਿਸ ਹਿੰਸਾ ਤੇ ਉਤਰ ਆਵੇ ਤਾਂ ਅਜਿਹੇ ਮੁਲਕ ਦਾ ਰੱਬ ਰਾਖਾ । ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕੌਣ ਲੈ ਕੇ ਗਿਆ ਸੀ ਜਾਂ ਜਾਣ ਦੀ ਕਿਉਂ ਲੋੜ ਪਈ ? ਜੇ ਉਨ੍ਹਾਂ ਨੂੰ ਉਥੋਂ ਕੱਢਣਾ ਸੀ ਤਾਂ ਕੀ ਉਹ ਐਡੀ ਫੌਜੀ ਕਾਰਵਾਈ ਤੋਂ ਬਿਨਾਂ ਕੋਈ ਨਹੀਂ ਸਨ ਕੱਢੇ ਜਾ ਸਕਦੇ ? ਸਿਆਣੇ ਤੇ ਸੂਝਵਾਨ ਫੌਜੀ ਅਫ਼ਸਰਾਂ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਦੇ ਸਾਇੰਟੇਫਿਕ ਸਾਧਨ ਤੇ ਸੋਫਿਸਟੀਕੋਟਿਡ ਹਥਿਆਰ ਭਾਰਤੀ ਫੌਜ ਪਾਸ ਹਨ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਵਰਤਕੇ ਹਜ਼ਾਰਾਂ ਹੀ ਅਤਿਵਾਦੀਆਂ ਨੂੰ ਜਿਉਂਦਿਆਂ ਫੜਿਆ ਜਾ ਸਕਦਾ ਹੈ । ਪਰ ਸ਼ਾਇਦ ਸਰਕਾਰ ਦਾ ਇਹ ਮਨਸ਼ਾ ਹੀ ਨਾ ਹੋਵੇ । ਜੇ ਅਕਾਲ ਤਖਤ ਸਾਹਿਬ ਰੇਡੀਓ ਵਾਂਗ ਬੋਲ ਸਕਦਾ ਤਾਂ ਸ਼ਾਇਦ ਇਤਿਹਾਸ ਦੀ ਇਕ ਹੋਰ ਦੁਖਦਾਈ ਪੀੜ ਕੌਮ ਦੇ ਸਾਹਮਣੇ ਰੱਖ ਸਕਦਾ । ਕਈ ਵਾਰ ਅਕਾਲ ਤਖ਼ਤ ਸਾਹਿਬ ਨੂੰ ਢਾਹੁਣ ਦੀਆਂ ਸਾਜ਼ਸ਼ਾਂ ਬਣਾਈਆਂ ਗਈਆਂ । ਪਰ ਇਕ ਨਾ ਇੱਕ ਕਾਰਨ ਕਰਕੇ ਸਾਰੀਆਂ ਟਲਦੀਆਂ ਰਹੀਆਂ । ਜੁਗੋ-ਜੁਗ ਅਟੱਲ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਤੇ ਰਾਜਨੀਤੀ ਦੀ ਪਰੰਪਰਾ ਦੀ ਇਕ ਅਟੁੱਟ ਸਚਾਈ ਤੇ ਸਾਂਝ ਹੈ ਇਸ ਨੂੰ ਬਾਰ ਬਾਰ ਢਾਹਿਆ ਜਾਵੇ, ਇਹ ਬਾਰ-ਬਾਰ ਬਣਦਾ ਰਹੇਗਾ । ਸ਼ਾਇਦ ਹੁਣ ਢਾਹੁਣ ਵਾਲਿਆਂ ਨੂੰ ਕੁਝ ਗਿਆਨ ਹੋ ਗਿਆ ਹੋਵੇ ਅਤੇ ਇਸੇ ਲਈ ਉਨ੍ਹਾਂ ਨੇ ਢਾਹਕੇ ਛੇਤੀ ਤੋਂ ਛੇਤੀ ਉਸਾਰੀ ਕਰਨ ਦਾ ਪ੍ਰਬੰਧ ਕੀਤਾ ।

ਚਾਹੀਦਾ ਤਾਂ ਇਹ ਸੀ ਕਿ ਏਨੀ ਕਾਰਵਾਈ ਪਿੱਛੋਂ ਜੋ ਮਨ ਵਿੱਚ ਕੁੱਝ ਪਛਤਾਵਾ ਆ ਗਿਆ ਸੀ ਤਾਂ ਸ੍ਰੀਮਤੀ ਇੰਦਰਾਂ ਗਾਂਧੀ ਆਪ ਦਰਬਾਰ ਸਾਹਿਬ ਜਾਂਦੇ ਤੇ ਛਤਰੀ ਦਾ ਸਹਾਰਾ ਲੈ ਕੇ ਹਿੱਕ ਤੇ ਫੁੱਲ ਟੰਗ ਕੇ ਤੁਰਨ ਵਾਲੇ ਗਿਆਨੀ ਜੈਲ ਸਿੰਘ ਨੂੰ ਨਾ ਭੇਜਦੇ । ਸ਼ਾਇਦ ਇਹ ਸ਼ਾਨ ਸ਼ੌਕਤ ਤੇ ਪਹਿਰਾਵਾ ਗਿਆਨੀ ਜੀ ਦੀ ਜਿੰਦਗੀ ਦਾ ਹਿੱਸਾ ਹੋਵੇ ਤੇ ਉਨ੍ਹਾਂ ਨੂੰ ਇਹ ਗੱਲ ਅਨੁਭਵ ਨਾ ਹੁੰਦੀ ਹੋਵੇ ਕਿ ਉਹ ਮੁਗਲੀਆ ਗਾਰਡਨ ਵਿੱਚ ਦੀ ਲੰਘ ਰਹੇ ਹਨ ਜਾਂ ਸਿੱਖਾਂ ਦੀਆਂ ਲਾਸ਼ਾਂ ਉਤੋਂ ਦੀ ।

ਮੈਂ ਗਿਆਨੀ ਜ਼ੈਲ ਸਿੰਘ ਨੂੰ ਆਪਣੇ ਬਚਪਨ ਤੋਂ ਜਾਣਦਾ ਹਾਂ ਤੇ ਸਦਾ ਉਨ੍ਹਾਂ ਦਾ ਆਪਣੇ ਵੱਡੇ ਭਰਾ ਵਾਂਗ ਸਤਿਕਾਰ ਕੀਤਾ ਹੈ । ਉਹ ਮੇਰੇ ਘਰ ਦੇ ਹਰ ਦੁੱਖ-

ਸੁੱਖ ਵਿੱਚ ਸ਼ਾਮਲ ਹੁੰਦੇ ਰਹੇ ਹਨ । ਮੈਂ ਉਨ੍ਹਾਂ ਨੂੰ 20ਵੀਂ ਸਦੀ ਦੇ ਬਹੁਤੇ ਸਿੱਖ ਲੀਡਰਾਂ ਵਿੱਚੋਂ ਸੂਝਵਾਨ ਨੇਤਾ ਸਮਝਦਾ ਰਿਹਾ ਹਾਂ । ਪਰ ਮੈਂ ਇਹ ਸਮਝਣ ਤੋਂ ਅਸਮਰਥ ਹਾਂ ਕਿ ਅਕਤੂਬਰ, 1983 ਵਿੱਚ ਉਨ੍ਹਾਂ ਨੇ ਪੰਜਾਬ ਨੂੰ "ਡਿਸਟਰਬ ਏਰੀਆ ਕਰਾਰ ਦਿੱਤੇ ਜਾਣ ਵਾਲੇ ਕਾਨੂੰਨ ਤੇ ਕਿਵੇਂ ਦਸਖਤ ਕੀਤੇ । ਫੌਜੀਆਂ ਦੇ ਸੁਪਰੀਮ ਕਮਾਂਡਰ ਹੁੰਦੇ ਹੋਏ, ਭਾਰਤੀ ਫੌਜ ਨੂੰ ਇਹ ਹੁਕਮ ਕਿਵੇਂ ਦਿੱਤਾ ਕਿ ਜਾਓ ਗੋਲਡਨ ਟੈਂਪਲ ਕੰਪਲੈਕਸ ਦੀ ਇੱਟ ਨਾਲ ਇੱਟ ਵਜਾ ਦਿਓ । ਫੇਰ ਉਹ ਆਪ ਉੱਥੇ ਕੀ ਲੈਣ ਗਏ ਸਨ ? ਮੈਨੂੰ ਕਿਸੇ ਨੇ ਇਹ ਵੀ ਦੱਸਿਆ ਕਿ ਸਿੰਘ ਸਾਹਿਬਾਨ ਵਿੱਚੋਂ ਇੱਕ ਮਹਾਂਪੁਰਸ਼ ਨੇ ਗਿਆਨੀ ਜੀ ਨੂੰ ਕਿਹਾ ਕਿ ਨਾ ਕੇਵਲ ਪਾਵਨ ਇਤਿਹਾਸਕ ਬੀੜ 'ਚ ਗੋਲੀਆਂ ਹੀ ਮਾਰੀਆਂ ਗਈਆਂ ਸਗੋਂ ਮਹਾਰਾਜ ਦੇ ਸਾਰੇ ਰੁਮਾਲੇ ਵੀ ਸਾੜ ਦਿੱਤੇ ਗਏ । ਹੁਣ ਗਿਆਨੀ ਜੀ ਨੇ ਹਵਾਈ ਜਹਾਜ਼ ਰਾਹੀਂ ਕੁਝ ਰੁਮਾਲੇ ਦਰਬਾਰ ਸਾਹਿਬ ਪੁਜਦੇ ਕੀਤੇ । ਇਹ ਕੀ ਕਹਾਣੀ ਹੈ, ਕੀ ਮਜਬੂਰੀ ਹੈ, ਇਸ ਬਾਰੇ ਵੀ ਕਿਸੇ ਦਿਨ ਇਤਿਹਾਸ ਰੌਸ਼ਨੀ ਪਾਵੇਗਾ ?

ਹਰਬੀਰ ਸਿੰਘ ਭੰਵਰ ਕੇਵਲ ਟ੍ਰਿਬਿਊਨ ਦੇ ਪੱਤਰਕਾਰ ਹੀ ਹਨ ਸਗੋਂ ਬੀ.ਬੀ.ਸੀ. ਤੇ ਅਮਰੀਕਨ ਨਿਊਜ਼ ਏਜੰਸੀ ਯੂ.ਪੀ.ਆਈ. ਦੇ ਪ੍ਰਤੀਨਿੱਧ ਹਨ । ਉਨ੍ਹਾਂ ਨੇ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਅਸਰ ਥੱਲੇ ਡਾਇਰੀ ਲਿਖਣ ਨੂੰ ਆਪਣਾ ਨਿੱਤ ਨੇਮ ਬਣਾ ਲਿਆ । ਇਸ ਲਈ ਉਹ ਹੁਣ ਤੱਕ ਆਪਣੀ ਡਾਇਰੀ ਵਿੱਚ ਵੇਖੀਆਂ ਸੁਣੀਆਂ ਘਟਨਾਵਾਂ ਲਿਖਦੇ ਆਏ ਹਨ, ਜਿਸ ਜਿਸ ਨੇ ਵੀ ਪੰਜਾਬ ਬਾਰੇ ਕੁਝ ਜਾਣਨਾ ਚਾਹਿਆ ਉਸ ਨੂੰ ਭੰਵਰ ਸਾਹਬ ਕੋਲ ਜਾਣਾ ਪਿਆ। ਉਨ੍ਹਾਂ ਨੇ ਅੰਮ੍ਰਿਤਸਰ ਦੀ ਵੇਖੀ ਤੇ ਡਿੱਠੀ ਮਹਾਨ ਟਰੈਜਡੀ ਦੁਨੀਆਂ ਭਰ ਦੇ ਪੱਤਰਕਾਰਾਂ ਨਾਲ ਸਾਂਝੀ ਕੀਤੀ । ਅਣਗਿਣਤ ਕਿਤਾਬਾਂ ਵਿੱਚ ਅੰਮ੍ਰਿਤਸਰ ਦੇ ਘਲੂਘਾਰੇ ਦਾ ਜ਼ਿਕਰ ਆ ਗਿਆ ਹੈ । ਉਸ ਦਾ ਘਰ ਬਾਰ ਲੁੱਟਿਆ ਗਿਆ, ਹੋਰ ਅਣਗਿਣਤ ਪਰੇਸ਼ਾਨੀਆਂ ਉਠਾਉਣੀਆਂ ਪਈਆਂ, ਪਰ "ਡਾਇਰੀ ਦੇ ਪੰਨੇ ਜੋ ਇਤਿਹਾਸ ਬਣ ਗਏ", ਨੂੰ ਤੁਹਾਡੇ ਸਾਹਮਣੇ ਰੱਖਣ ਲਈ ਸਿਰਤੋੜ ਯਤਨ ਕਰਦੇ ਰਹੇ ।

ਹਰਬੀਰ ਸਿੰਘ ਦੀ ਡਾਇਰੀ ਦੇ ਇਹ ਪੰਨੇ ਸਾਰੇ ਦਾ ਸਾਰਾ ਇਤਿਹਾਸ ਪ੍ਰਗਟ ਨਹੀਂ ਕਰਦੇ । ਸਿਰਫ ਉਸ ਗੁੱਸੇ ਦਾ ਬਿਆਨ ਕਰਦੇ ਹਨ ਜੋ ਭਾਰਤ ਸਰਕਾਰ ਨੇ ਆਪਣੀ ਫੌਜ ਰਾਹੀਂ ਸਿੱਖਾਂ ਤੇ ਕੱਢਿਆ । ਜੇਕਰ ਉਹ ਇਨ੍ਹਾਂ ਵਿੱਚ ਪਰੇਸ਼ਾਨ ਨਾ ਹੁੰਦੇ ਤਾਂ ਉਸ ਨੂੰ ਕੋਈ ਸਰਕਾਰੀ ਅਫਸਰ ਦੱਸ ਸਕਦਾ ਕਿ ਜੋ ਕੁਝ ਅੰਮ੍ਰਿਤਸਰ ਵਿੱਚ ਹੋਇਆ ਹੈ, ਇਸ ਦੀ ਗੋਂਦ ਕਦੋਂ ਤੇ ਕਿੱਥੇ ਗੁੰਦੀ ਗਈ, ਕਿਹੜੀਆਂ ਕਿਹੜੀਆਂ ਸ਼ਕਤੀਆਂ ਸਿੱਖਾਂ ਵਿਰੁੱਧ ਨਫਰਤ ਦਾ ਪ੍ਰਚਾਰ ਕਰਦੀਆਂ ਰਹੀਆਂ ਤੇ ਕਿਉਂ ਕਿਸ ਸਿਆਸੀ ਪਾਰਟੀ ਨੇ ਮਨੁੱਖਤਾ ਵਿਰੁੱਧ ਏਨੇ ਕਹਿਰ ਕਮਾਏ ਤੇ ਕਿਉਂ ? ਤਦ ਉਹ ਇਸ ਕਹਾਣੀ ਨੂੰ ਜ਼ਰਾ ਹੋਰ ਖੁੱਲ੍ਹ ਕੇ ਲਿਖ ਸਕਦਾ ਸੀ । ਸ੍ਰੀਮਤੀ ਇੰਦਰਾ ਗਾਂਧੀ ਨੂੰ ਕਿਸ ਨੇ ਗੋਲੀਆਂ ਮਾਰੀਆਂ ਤੇ ਕਿਉਂ ਇਹ ਇਤਿਹਾਸ ਦਾ ਇੱਕ ਵੱਖਰਾ ਪੰਨਾ ਹੈ। ਇਸ ਦਾ ਸ਼ਾਇਦ ਅੰਮ੍ਰਿਤਸਰ ਦੇ ਘੱਲੂ ਘਾਰੇ ਨਾਲ ਸੰਬੰਧ ਹੋਵੇ ਤੇ ਦੁਨੀਆਂ ਦੀ ਰਾਜਨੀਤੀ ਨਾਲ ਵਧੇਰੇ ਹੋ ਸਕਦਾ ਹੈ । ਉਸ ਦੇ ਕਤਲ ਦੀ ਕਹਾਣੀ ਉਸ ਤਰ੍ਹਾਂ ਨਾ ਹੋਵੇ ਜਿਸ ਤਰ੍ਹਾਂ ਦੱਸੀ ਜਾ ਰਹੀ ਹੈ । ਇਹ ਘਟਨਾ ਇਤਿਹਾਸਕਾਰਾਂ

ਲਈ ਇਕ ਚੈਲੰਜ ਹੈ । ਸਮਾਂ ਆਉਣ ਤੇ ਉਹ ਸੰਸਾਰ ਨੂੰ ਦੱਸ ਸਕਣਗੇ ਕਿ ਇੰਦਰਾ ਗਾਂਧੀ ਦੀ ਹਿੱਕ ਵਿੱਚ ਗੋਲੀਆਂ ਕਿਸਨੇ ਮਾਰੀਆਂ ਤੇ ਕਿਉਂ ਮਾਰੀਆਂ ।

ਹਰਬੀਰ ਸਿੰਘ ਭੰਵਰ ਨੇ ਇਹ ਛੋਟੀ ਜਿਹੀ ਕਿਤਾਬ ਤੁਹਾਡੇ ਹੱਥਾਂ ਵਿੱਚ ਦੇ ਕੇ ਤੁਹਾਨੂੰ ਉਸ ਭਿਆਨਕ ਟਰੈਜਡੀ ਦਾ ਟਰੇਲਰ ਵਖਾਇਆ ਜੋ ਅੰਮ੍ਰਿਤਸਰ ਵਿੱਚ ਬੀਤੀ । ਸਗੋਂ ਸੋਚਣ ਦਾ ਮੌਕਾ ਦਿੱਤਾ ਹੈ ਕਿ ਅਜਿਹੀਆਂ ਟਰੈਜਡੀਆਂ ਅਗੋਂ ਲਈ ਕਿਵੇਂ ਟਾਲੀਆਂ ਜਾ ਸਕਦੀਆਂ ਨੇ । ਸਿੱਖ ਬੰਦ ਬੰਦ ਕਟਵਾਉਂਦੇ ਆਏ ਹਨ , ਆਪਣੇ ਖੂਬਸੂਰਤ ਬੱਚਿਆਂ ਨੂੰ ਕੰਧਾਂ ਵਿੱਚ ਚਿਣਵਾਉਂਦੇ ਆਏ ਹਨ ਤੇ ਹੁਣ ਇਤਿਹਾਸਕਾਰਾਂ ਨੇ ਇਹ ਵੀ ਵੇਖ ਲਿਆ ਹੈ ਕਿ ਸਿੱਖਾਂ ਦੇ ਬੱਚਿਆਂ ਨੂੰ ਸਰੇ ਬਾਜ਼ਾਰ ਆਪਣੇ ਆਪ ਨੂੰ ਲੀਡਰ ਕਹਾਉਣ ਵਾਲੇ ਲੋਕ ਗੁੰਡਿਆਂ ਤੋਂ ਕਿਵੇਂ ਚਿਰਵਾਉਂਦੇ ਰਹੇ ਹਨ ? ਤਵਾਰੀਖ ਨਾ ਪਾਪ ਨੂੰ ਬਖਸ਼ ਸਕਦੀ ਹੈ ਤੇ ਨਾ ਪਾਪੀਆਂ ਨੂੰ । ਕੇਵਲ ਸਮਾਂ ਅਗਾਂਹ ਪਿਛਾਂਹ ਹੋ ਸਕਦਾ ਹੈ, ਹੋਣੀ ਨਹੀਂ ਟਲ ਸਕਦੀ ।

ਬਜਾਏ ਇਸ ਦੇ ਕਿ ਅਸੀਂ ਸਾਰਾ ਗੁੱਸਾ ਉਨ੍ਹਾਂ ਲੋਕਾਂ ਬਾਰੇ ਕਰੀਏ, ਜਿਨ੍ਹਾਂ ਨੇ ਦਰਬਾਰ ਸਾਹਿਬ ਅੰਦਰ ਸਾਡੇ ਤੇ ਏਡਾ ਭਿਆਨਕ ਕਾਤਲਾਨਾ ਹਮਲਾ ਕੀਤਾ ਹੈ ਸਗੋਂ ਸਾਨੂੰ ਇਹ ਵੀ ਸੋਚਣਾ ਪਏਗਾ ਕਿ ਕੀ ਅਸੀਂ ਵੀ ਕਿਸੇ ਹੱਦ ਤੱਕ ਇਸ ਟਰੈਜਡੀ ਲਈ ਦੋਸ਼ੀ ਗਿਣੇ ਜਾ ਸਕਦੇ ਹਾਂ

ਸਿੱਖਾਂ ਦਾ ਇਤਿਹਾਸ ਇੱਕ ਗੱਲ ਦੀ ਗਵਾਹੀ ਜ਼ਰੂਰ ਦਿੰਦਾ ਹੈ ਤੇ ਉਹ ਇਹ ਕਿ ਜਦੋਂ ਵੀ ਉਨ੍ਹਾਂ 'ਤੇ ਬਿਪਤਾ ਪਈ, ਇਹ ਦੁਗਣੇ ਚੌਗਣੇ ਹੋ ਕੇ ਉਭਰੇ ਹਨ ਤੇ ਪਹਿਲਾਂ ਨਾਲੋਂ ਵਧੇਰੇ ਸ਼ਕਤੀਮਾਨ ਹੋ ਕੇ ਜੀਏ ਹਨ । ਨਿਰਾਸਤਾ ਲਈ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ ।

ਘੱਲੂਘਾਰੇ ਪਿੱਛੋਂ ਜਦੋਂ ਮੈਂ ਦਰਬਾਰ ਸਾਹਿਬ ਮੱਥਾ ਟੇਕਣ ਗਿਆ ਤਾਂ ਮੇਰੀਆਂ ਭੁੱਬਾਂ ਨਿਕਲ ਗਈਆਂ । ਮੈਨੂੰ ਪਾਣੀ ਵਿਚੋਂ ਚੰਗਿਆੜੇ ਦਿਸੇ, ਅੱਗ ਦੀਆਂ ਲਾਟਾਂ ਦਿਸੀਆਂ । ਮੈਂ ਸ਼ਾਂਤੀ ਢੂੰਡਣ ਗਿਆ, ਪਰ ਮਨ ਮੱਚ ਉਠਿਆ । ਮੇਰਾ ਜੀਅ ਕਰੇ ਮੈਂ ਛੇਤੀ ਤੋਂ ਛੇਤੀ ਇਥੋਂ ਭੱਜ ਜਾਵਾਂ । ਪਰ ਕੀ ਕੋਈ ਸਿੱਖ ਆਪਣੇ ਮੱਕੇ ਮਦੀਨੇ ਨੂੰ ਅਜਿਹੀ ਦੁਰਦਸ਼ਾ ਵਿੱਚ ਵੇਖਕੇ ਉਥੋਂ ਕਿਸੇ ਪਾਸੇ ਨੂੰ ਭੱਜ ਜਾਣ ਪਿੱਛੋਂ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ ?

ਸਿੱਖਾਂ ਦੇ ਜਜ਼ਬਾਤ ਨੂੰ ਸਮਝਣ ਦੀ ਲੋੜ ਹੈ । ਉਨ੍ਹਾਂ ਨਾਲ ਹੋਏ ਅਨਿਆ ਨੂੰ ਮਾਪਣ ਤੇ ਤੋਲਣ ਦੀ ਜ਼ਰੂਰਤ ਹੈ । ਜਿਨ੍ਹਾਂ ਲੋਕਾਂ ਨੇ ਨੌਜਵਾਨ ਪੁੱਤਰ, ਧੀਆਂ, ਛੋਟੇ ਛੋਟੇ ਬੱਚੇ, ਬਜ਼ੁਰਗ, ਮਾਂ-ਬਾਪ ਬਗੈਰ ਕਿਸੇ ਭੜਕਾਹਟ ਦੇ ਸ਼ਹੀਦ ਕਰ ਦਿੱਤੇ ਗਏ, ਉਨ੍ਹਾਂ ਨੂੰ ਮੁੜ ਨਾਰਮਲ ਅਵਸਥਾ ਵਿੱਚ ਲਿਆਉਣ ਲਈ ਕਿਸੇ ਦਾ ਕੀ ਕਰਨਾ ਬਣਦਾ ਹੈ, ਇਹ ਇਕ ਬਹੁਤ ਲੰਮੀ ਚੌੜੀ ਇਤਿਹਾਸਕ ਸਚਾਈ ਦੀ ਕੜੀ ਹੈ, ਜਿਸਨੂੰ ਸਮੇਂ ਦੇ ਹਾਕਮ ਅਜੇ ਸਮਝਣ ਤੋਂ ਅਸਮਰਥ ਹਨ । ਜੇ ਉਹ ਸਮਝ ਸਕੇ ਤਾਂ ਸਿੱਖ ਆਪਣੇ ਹਿਰਦਿਆਂ ਦੀ ਵਿਸ਼ਾਲਤਾ ਨਾਲ ਨਵੇਂ ਸਿਰੇ ਇਸ ਸਲੇਟ ਤੇ ਨਵੇਂ ਮਜ਼ਬੂਨ ਲਿਖ ਸਕਦੇ ਹਨ ।

ਸੰਸਾਰ ਭਰ ਦੇ ਸਿੱਖ ਅਜੇ ਬਲਿਊ ਸਟਾਰ ਓਪਰੇਸ਼ਨ, ਦਿੱਲੀ ਤੇ ਦੂਸਰੇ ਥਾਵਾਂ ਤੇ ਹੋਏ ਦੰਗਿਆਂ ਤੋਂ ਪਰੇਸ਼ਾਨ ਹਨ । ਉਹ ਕੁਝ ਉਖੜੇ ਫਿਰਦੇ ਹਨ, ਉਨ੍ਹਾਂ

ਨੂੰ ਪਹਿਲੀ ਅਵਸਥਾ ਵਿੱਚ ਲਿਆਉਣ ਦੀ ਲੋੜ ਹੈ । ਸ਼ਾਇਦ ਸਹੀ ਸੇਧ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਕੀਤਾ ਗਿਆ "ਪੰਜਾਬ ਸਮਝੌਤਾ" ਸਾਬਤ ਹੋ ਸਕੇ ਪਰ ਜੇ ਇਸ ਸਮਝੌਤੇ ਵਿੱਚ ਭੀ ਕਾਂਜੀ ਘੋਲੀ ਗਈ ਤਾਂ ਕੌਮ ਨੂੰ ਕੀ ਕਰਨਾ ਬਣਦਾ ਹੈ । ਦੁਨੀਆਂ ਦਾ ਸਭ ਵੱਡਾ ਸ਼ਾਂਤਮਈ ਮੋਰਚਾ ਲੜਕੇ ਵੇਖ ਲਿਆ । ਸਰਕਾਰ ਉਸ ਮੋਰਚੇ ਦੀ ਸਫਲਤਾ ਤੋਂ ਬੌਖਲਾ ਉੱਠੀ ਜਿਸਦਾ ਸਿੱਟਾ ਬਲਿਊ ਸਟਾਰ ਓਪਰੇਸ਼ਨ ਸੀ ਤੱਤੀਆਂ ਤਵੀਆਂ ਤੇ ਉਬਲਦੀਆਂ ਦੇਗਾਂ ਦੇ ਆਸ਼ਕਾਂ ਤੇ ਹਥਿਆਰ ਬੰਦ ਫੌਜ ਵੀ ਕਿਸ ਸ਼ਾਂਤ ਮਈ ਢੰਗ ਨਾਲ ਠਲ੍ਹ ਪਾ ਸਕਦੀ ਸੀ, ਇਹ ਸਭ ਕੁਝ ਵੇਖ ਲਿਆ ਗਿਆ ।

ਸੰਤ ਲੌਂਗੋਵਾਲ ਨੇ ਇਸ ਡਾਇਰੀ ਦੇ ਕਰਤਾ ਨੂੰ ਸੁਝਾਓ ਦਿੱਤਾ ਸੀ ਕਿ ਉਹ ਪਹਿਲੀ ਸਤੰਬਰ 1985 ਨੂੰ ਉਨ੍ਹਾਂ ਨੂੰ ਲੌਂਗੋਵਾਲ ਮਿਲੇ ਤਾਂ ਕਿ ਸੰਤ ਬਲਿਊ ਸਟਾਰ ਦੇ ਓਪਰੇਸ਼ਨ ਦੇ ਦਿਨਾਂ ਦੀ ਅੰਦਰਲੀ ਕਹਾਣੀ ਅਤੇ ਹੱਡ-ਬੀਤੀ ਦੱਸ ਸਕਣ । ਹਰਬੀਰ ਸਿੰਘ ਭੰਵਰ ਪਹਿਲੀ ਸਤੰਬਰ 1985 ਨੂੰ ਲੌਂਗੋਵਾਲ ਗਿਆ, ਆਪਣੀ ਡਾਇਰੀ ਦੇ ਅਧੂਰੇ ਸਫ਼ੇ ਪੂਰੇ ਕਰਨ ਲਈ ਨਹੀਂ, ਸੰਤ ਲੌਂਗੋਵਾਲ ਦੇ ਭੋਗ ਵਿੱਚ ਸ਼ਾਮਲ ਹੋ ਕੇ ਅੰਤਮ ਅਰਦਾਸ ਕਰਨ ਲਈ ।

ਸੰਤ ਹਰਚੰਦ ਸਿੰਘ ਲੌਂਗੋਵਾਲ ਕਿਉਂ ਸ਼ਹੀਦ ਕੀਤੇ ਗਏ ਤੇ ਕਿਸ ਨੇ ਕੀਤੇ, ਇਹ ਇੱਕ ਬਹੁਤ ਵੱਡਾ ਸਵਾਲ ਹੈ । ਇਸ ਦਾ ਵੀ ਕਦੇ ਇਤਿਹਾਸਕਾਰ ਉੱਤਰ ਦੇਣਗੇ ।

ਮੈਂ ਹਰਬੀਰ ਸਿੰਘ ਭੰਵਰ ਦੇ ਜਿਨ੍ਹਾਂ ਯਤਨਾਂ ਦੀ ਸਲਾਘਾ ਕੀਤੇ ਬਗੈਰ ਨਹੀਂ ਰਹਿ ਸਕਦਾ ਕਿ ਉਨ੍ਹਾਂ ਨੇ ਜਾਨ ਤੇ ਖੇਡ ਕੇ ਲਿਖੀ ਗਈ ਇਸ ਡਾਇਰੀ ਰਾਹੀਂ ਉਹ ਗੱਲਾਂ ਸਾਡੇ ਨਾਲ ਸਾਂਝੀਆਂ ਕੀਤੀਆਂ ਗਈਆਂ ਹਨ, ਜਿਹੜੀਆਂ ਅਜੇ ਤੱਕ ਸਾਡੇ ਲਈ ਬੁਝਾਰਤ ਸਨ । ਉਸ ਨੇ ਹਿਮਾਲਿਆਂ ਦੀ ਟੀਸੀ ਤੇ ਚੜ੍ਹਨ ਜਿੱਡਾ ਯਤਨ ਕੀਤਾ ਹੈ, ਪਰ ਉਹ ਅਜੇ ਥੋੜੀ ਉਚਾਈ ਤੱਕ ਪੁਜ ਸਕੇਗਾ । ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਫਿਰਦੇ ਟੈਂਕ ਤੇ ਬਖ਼ਤਰ ਬੰਦ ਗੱਡੀਆਂ ਉਸ ਇਤਿਹਾਸ ਦਾ ਪੂਰਾ ਥਹੁ ਪਤਾ ਨਹੀਂ ਦਿੰਦੀਆਂ, ਜਿਸ ਇਤਿਹਾਸ ਨੂੰ ਸਮਝਣ ਲਈ ਸਾਨੂੰ ਬਹੁਤ ਵੱਡੇ ਯਤਨ ਕਰਨੇ ਪੈਣੇ ਹਨ । ਅਕਾਲ ਤਖਤ ਸਾਹਿਬ ਨੂੰ ਤੋਪਾਂ ਦੇ ਗੋਲਿਆਂ ਨਾਲ ਕਿਉਂ ਉੜਾਇਆ ਗਿਆ, ਇਹ ਵੀ ਇਤਿਹਾਸਕਾਰਾਂ ਲਈ ਇਕ ਬਹੁਤ ਵੱਡਾ ਸਵਾਲ ਹੈ । ਇਸ ਤੇ ਖੋਜਾਂ ਹੋਣਗੀਆਂ ।

ਅਜਿਹੀ ਕਿਤਾਬ ਜਿਸਨੂੰ ਪੜ੍ਹਕੇ ਬੰਦਾ ਭੁੱਬਾਂ ਮਾਰ ਉਠੇ, ਇਕ ਸਫਲ ਪੁਸਤਕ ਹੈ, ਜਿਸਨੂੰ ਸਮਝਣ ਦੇ ਅਣਗਿਣਤ ਯਤਨ ਕਰਨੇ ਪੈਣਗੇ । ਮੈਂ ਭੰਵਰ ਸਾਹਿਬ ਦੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਦੁਆਰਾ ਉਨ੍ਹਾਂ ਨੇ ਖ਼ੂਨੀ ਘੱਲੂਘਾਰੇ ਦੀਆਂ ਕੁਝ ਘਟਨਾਵਾਂ ਸਾਡੇ ਨਾਲ ਸਾਂਝੀਆਂ ਕੀਤੀਆਂ ਹਨ ।

1521-18 ਡੀ ਚੰਡੀਗੜ੍ਹ ।
18 ਅਕਤੂਬਰ 1985

ਡਾ. ਗੁਰਨਾਮ ਸਿੰਘ ਤੀਰ
ਐਡਵੋਕੇਟ

# ਗੁਰੂ ਅਰਜਨ ਦੇਵ ਜੀ

-ਡਾ: ਕਰਤਾਰ ਸਿੰਘ ਸੂਰੀ

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਬੰਧੀ ਸਿੱਖ ਇਤਿਹਾਸ ਵਿੱਚ ਕਈ ਭੁਲੇਖੇ ਪਏ ਹੋਏ ਹਨ। ਬਹੁਤ ਸਾਰੀਆਂ ਪੁਸਤਕਾਂ ਵਿੱਚ ਗੁਰੂ ਸਾਹਿਬ ਦੀ ਸ਼ਹੀਦੀ ਦਾ ਜ਼ਿੰਮੇਵਾਰ ਚੰਦੂ ਨੂੰ ਠਹਿਰਾਇਆ ਜਾਂਦਾ ਹੈ ਜੋ ਠੀਕ ਨਹੀਂ ਹੈ। ਚੰਦੂ ਮੁਗਲ ਦਰਬਾਰ ਵਿੱਚ ਦੀਵਾਨ ਸੀ ਤੇ ਦਿੱਲੀ ਰਹਿੰਦਾ ਸੀ। ਪ੍ਰਚੱਲਿਤ ਧਾਰਨਾ ਅਨੁਸਾਰ ਇਸ ਦੀ ਧੀ ਵਿਆਹੁਣਯੋਗ ਸੀ ਤੇ ਪ੍ਰੋਹਿਤਾਂ ਨੇ ਇਸ ਨੂੰ ਸਲਾਹ ਦਿੱਤੀ ਕਿ ਗੁਰੂ ਅਰਜਨ ਦੇਵ ਦੇ ਪੁੱਤਰ ਸ੍ਰੀ ਹਰਿਗੋਬਿੰਦ ਨਾਲ ਲੜਕੀ ਦੀ ਸ਼ਾਦੀ ਕਰ ਦਿੱਤੀ ਜਾਵੇ। ਪਰ ਚੰਦੂ ਇਹ ਸੁਣ ਕੇ ਕਹਿਣ ਲੱਗਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿਆਂ। ਪਰ ਵਿੱਚੋਂ ਉਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਇਹ ਰਿਸ਼ਤਾ ਹੋ ਜਾਵੇ ਸੋ ਉਸ ਨੇ ਪ੍ਰੋਹਿਤ ਨੂੰ ਕੁੜਮਾਈ ਲਈ ਅੰਮ੍ਰਿਤਸਰ ਭੇਜ ਦਿੱਤਾ। ਦਿੱਲੀ ਦੀਆਂ ਸਿੱਖ ਸੰਗਤਾਂ ਨੇ ਗੁਰੂ ਜੀ ਨੂੰ ਪਹਿਲਾਂ ਹੀ ਚਿੱਠੀ ਲਿਖ ਦਿੱਤੀ ਕਿ ਇਸ ਹੰਕਾਰੀ ਦਾ ਰਿਸ਼ਤਾ ਨਹੀਂ ਲੈਣਾ ਚਾਹੀਦਾ ਕਿਉਂਕਿ ਇਸ ਨੇ ਗੁਰੂ ਘਰ ਦਾ ਅਪਮਾਨ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਇਹ ਚਿੱਠੀ ਬਾਬਾ ਬੁੱਢਾ ,ਭਾਈ ਗੁਰਦਾਸ ਤੇ ਹੋਰ ਸਿੱਖਾਂ ਨੂੰ ਸੁਣਾਈ ਜਿਸ ਨੂੰ ਸੁਣਕੇ ਸਭ ਨੇ ਇਹ ਕਿਹਾ ਕਿ ਇਸ ਥਾਂ ਤੇ ਸਾਕ ਨਹੀਂ ਕਰਨਾ। ਬਾਬੇ ਬੁੱਢੇ ਅਰ ਗੁਰਦਾਸ ਇਤਿਯਾਦਿਕ ਸਿਖ ਥੇ ਜੋ ਖਾਸ ਚਿੱਠੀ ਸਭ ਕੋ ਗੁਰੂ ਸੁਨਾਈ। ਸਭ ਨੇ ਕਹਿਓ ਨ ਲੇਹੁ ਸਗਾਈ।

ਸੋ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੇ ਪ੍ਰੋਹਿਤ ਨੂੰ ਇਹ ਰਿਸ਼ਤਾ ਲੈਣ ਤੋਂ ਨਾਂਹ ਕਰ ਦਿੱਤੀ। ਪ੍ਰੋਹਿਤ ਪਾਸੋਂ ਸਾਰੀ ਗੱਲ ਸੁਣ ਕਿ ਚੰਦੂ ਅੱਗ-ਬਬੂਲਾ ਹੋ ਗਿਆ ਤੇ ਉਸ ਨੇ ਗੁਰੂ ਅਰਜਨ ਦੇਵ ਤੋਂ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ। ਜਿੰਨੀ ਦੇਰ ਅਕਬਰ ਬਾਦਸ਼ਾਹ ਜਿਉਂਦਾ ਰਿਹਾ ਚੰਦੂ ਦੀ ਦਾਲ ਨਾ ਗਲ ਸਕੀ , ਪਰ ਅਕਬਰ ਦੀ ਮੌਤ ਪਿੱਛੋਂ ਜਹਾਂਗੀਰ ਦੇ ਗੱਦੀ ਉੱਤੇ ਬੈਠਣ ਨਾਲ ਉਸ ਨੂੰ ਬਦਲੇ ਦਾ ਅਵਸਰ ਮਿਲ ਗਿਆ। ਪਹਿਲਾਂ ਤਾਂ ਉਸ ਨੇ ਪ੍ਰਿਥੀ ਚੰਦ ਨਾਲ ਮਿਲ ਕੇ ਦਿੱਲੀਓ ਇੱਕ ਫ਼ੌਜੀ ਜਰਨੈਲ ਸੁਲਹੀ ਖਾਨ ਤੋਂ ਚੜ੍ਹਾਈ ਕਰਵਾਈ। ਪਰ ਸੁਲਹੀ ਖਾਨ ਸ਼ਿਕਾਰ ਖੇਡਦਾ ਹੋਇਆ ਡਿੱਗ ਕੇ ਰਸਤੇ ਵਿੱਚ ਹੀ ਮਰ ਗਿਆ। ਫਿਰ ਚੰਦੂ ਨੇ ਸੁਲਹੀ ਖਾਨ ਦੇ ਭਤੀਜੇ ਸੁਲਭੀ ਖਾਨ ਨੂੰ ਪ੍ਰੇਰ ਕੇ ਪੰਜਾਬ ਲਿਆਂਦਾ ਤੇ ਗੁਰੂ ਅਰਜਨ ਦੇਵ ਨੂੰ ਕੈਦ ਕਰਨ ਲਈ ਆਖਿਆ। ਪਰ ਸੁਲਭੀ ਖਾਨ ਗੁਰੂ ਅਰਜਨ ਦੇਵ ਤੱਕ ਪਹੁੰਚ ਨਾ ਸਕਿਆ ਰਸਤੇ ਵਿੱਚ ਇੱਕ ਸੱਯਦ ਨਾਲ ਝਗੜਾ ਹੋਣ ਤੇ ਮਾਰਿਆ ਗਿਆ। ਕਿਹਾ ਜਾਂਦਾ ਹੈ ਕਿ ਜਹਾਂਗੀਰ ਜਦੋਂ ਲਾਹੌਰ ਆਇਆ ਤਾਂ ਚੰਦੂ ਨੇ ਉਸ ਨੂੰ ਗੁਰੂ ਅਰਜਨ ਦੇਵ ਦੇ ਵਿਰੁੱਧ ਬੜਾ ਭੜਕਾਇਆ ਤੇ ਖੁਸਰੋ ਨੂੰ ਸ਼ਰਨ ਦੇਣ ਵਾਲੀ ਗੱਲ ਨੂੰ ਬਹੁਤ ਵਧਾ ਚੜ੍ਹਾ ਕੇ ਦੱਸਿਆ ਜਿਸ ਨਾਲ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਕੈਦ ਕਰਨ ਦਾ ਹੁਕਮ ਦੇ ਦਿੱਤਾ। ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ ਤੇ ਮੈਕਾਲਿਫ ਨੇ ਵੀ ਇਹੋ ਮਤ ਪ੍ਰਗਟ ਕੀਤਾ ਹੈ।

ਪਰ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਦਾ ਜਿੰਮੇਵਾਰ ਚੰਦੂ ਨਹੀਂ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅਸਲ ਜਿੰਮੇਵਾਰ ਜਹਾਂਗੀਰ ਆਪ ਸੀ। ਚੰਦੂ ਤਾਂ ਸਾਧਾਰਨ ਕਰਮਚਾਰੀ ਸੀ, ਜਿਸ ਦੀ ਮੁਗਲ ਹਕੂਮਤ ਵਿੱਚ ਇਤਨੀ ਸੁਣਵਾਈ ਨਹੀਂ ਸੀ ਹੋ ਸਕਦੀ ਕਿ ਉਸ ਦੀ ਪ੍ਰੇਰਨਾ ਨਾਲ ਜਹਾਂਗੀਰ, ਗੁਰੂ ਅਰਜਨ ਵਰਗੀ ਮਹਾਨ ਤੇ ਦੈਵੀ ਸ਼ਖਸੀਅਤ ਨੂੰ ਕਤਲ ਕਰਨ ਦਾ ਹੁਕਮ ਦੇ ਦਿੰਦਾ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਸ਼ਹਿਜ਼ਾਦਾ ਖੁਸਰੋ ਦੀ ਬਗਾਵਤ ਸਮੇਂ ਗੁਰੂ ਅਰਜਨ ਦੇਵ ਦੁਆਰਾ ਹੋਈ ਉਸ ਦੀ ਮੱਦਦ ਇੱਕ ਕਾਰਨ ਸਿੱਧ ਹੋਈ। ਪਰ ਜਦੋਂ ਅਸੀ ਜਹਾਂਗੀਰ ਦੇ ਆਪਣੇ ਹੱਥੀ ਲਿਖੇ ਲਫਜ਼ ਪੜ੍ਹਦੇ ਹਾਂ ਤਾਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਖੁਸਰੋ ਦੀ ਬਗਾਵਤ ਕੇਵਲ ਇੱਕ ਬਹਾਨਾ ਹੀ ਸੀ ਵਾਸਤਵ ਵਿੱਚ ਜਹਾਂਗੀਰ ਦੇ ਮਨ ਵਿੱਚ ਗੁਰੂ ਘਰ ਲਈ ਤੇ ਗੁਰੂ ਅਰਜਨ ਦੇਵ ਲਈ ਪਹਿਲਾਂ ਤੋਂ ਹੀ ਘ੍ਰਿਣਾ ਦੇ ਭਾਵ ਮੌਜੂਦ ਸਨ ਤੇ ਬੜੀ ਦੇਰ ਤੋਂ ਉਹ ਗੁਰੂ ਅਰਜਨ ਦੇਵ ਜੀ ਨੂੰ ਕਤਲ ਕਰਵਾਉਣ ਦਾ ਇਰਾਦਾ ਰੱਖਦਾ ਸੀ। 'ਤੁਜ਼ਕੇ ਜਹਾਂਗੀਰੀ' ਵਿੱਚ ਉਹ ਇਸ ਤਰ੍ਹਾਂ ਲਿਖਦਾ ਹੈ :-

'ਗੋਇੰਦਵਾਲ, ਜੋ ਬਿਆਸ ਦਰਿਆ ਦੇ ਕੰਢੇ ਉੱਤੇ ਹੈ, ਗੁਰੂ ਅਰਜਨ ਨਾਮ ਦਾ ਇੱਕ ਹਿੰਦੂ,ਪੀਰ ਬਜ਼ੁਰਗਾਂ ਦੇ ਭੇਸ ਵਿੱਚ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਸਿੱਧੇ ਸਾਦੇ ਹਿੰਦੂਆਂ ਨੂੰ ਹੀ ਨਹੀਂ ਸਗੋਂ ਅਨਜਾਣ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ-ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬੜਾ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਆਖਦੇ ਸਨ। ਚਾਰਾਂ ਪਾਸਿਆਂ ਤੋਂ ਮੂਰਖ ਤੇ ਫਰੇਬ ਦੇ ਪੁਜਾਰੀ ਉਸ ਨੂੰ ਮੰਨਦੇ ਤੇ ਪੂਜਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਗਰਮ ਸੀ। ਬੜੀ ਦੇਰ ਤੋਂ ਮੈਨੂੰ ਇਹ ਖ਼ਿਆਲ ਆ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ( ਗੁਰੂ ਅਰਜਨ ਦੇਵ) ਨੂੰ ਇਸਲਾਮ ਵਿੱਚ ਲੈ ਆਉਣਾ ਚਾਹੀਦਾ ਹੈ। ਇੱਥੋਂ ਤੱਕ ਕਿ ਇਨ੍ਹਾਂ ਦਿਨਾਂ ਵਿੱਚ ਹੀ ਖੁਸਰੋ ਇਥੋਂ ਦੀ ਦਰਿਆ ਪਾਰ ਹੋਇਆ। ਇਸ ਜਾਹਲ ਤੇ ਤੁੱਛ ਆਦਮੀ (ਖੁਸਰੋ) ਨੇ ਇਰਾਦਾ ਕੀਤਾ ਕਿ ਹਮੇਸ਼ਾਂ ਉਸ (ਗੁਰੂ ਅਰਜਨ) ਦੇ ਪਾਸ ਰਹੇ। ਉਸਦੇ ਰਿਹਾਇਸ਼ੀ ਸਥਾਨ ਤੇ ਖੁਸਰੋ ਨੇ ਪੜਾ ਕੀਤਾ। ਇਹ ਉਸ ਨੂੰ ਮਿਲਿਆ ਤੇ ਕਈ ਪਹਿਲਾਂ ਤੋਂ ਮਿਥੀਆਂ ਗੱਲਾਂ ਉਸ ਨੂੰ ਸੁਣਾਈਆਂ। ਉਸ ਨੇ ਕੇਸਰ ਨਾਲ ਇੱਕ ਉਂਗਲੀ ਇਸ ਦੇ ਮੱਥੇ ਤੇ ਖਿੱਚੀ, ਜਿਸ ਨੂੰ ਹਿੰਦੂ 'ਤਿਲਕ' ਕਹਿੰਦੇ ਹਨ ਅਤੇ ਚੰਗਾ ਸਗਨ ਮੰਨਦੇ ਹਨ।

ਜਦ ਇਹ ਗੱਲ ਮੇਰੇ ਕੰਨੀ ਪਈ ਮੈਂ ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ, ਮੈਂ ਹੁਕਮ ਦਿੱਤਾ ਕਿ ਉਸ ( ਗੁਰੂ ਅਰਜਨ ਦੇਵ) ਨੂੰ ਹਾਜ਼ਰ ਕੀਤਾ ਜਾਵੇ। ਉਸ ਦੇ ਘਰ ਘਾਟ ਤੇ ਬੱਚੇ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤੇ ਤੇ ਜਾਇਦਾਦ ਜ਼ਬਤ ਕਰ ਕੇ ਹਕਮ ਦਿੱਤਾ ਕਿ ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ। ਫਾਰਸੀ ਵਿੱਚ ਅਸਲ ਲਿਖਤ ਇਸ ਤਰ੍ਹਾਂ ਹੈ :- 'ਦਰ ਗੋਇੰਦਵਾਲ ਕਿ ਬਰ ਕਿਨਾਰਿ ਦਰਿਆਏ ਬਿਆਹ ਵਾਕਿਆ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸ ਪੀਰੀ ਵਾ ਸ਼ੇਖੀ,ਚੁਨਾਰਿ ਬਿਸਿਆਰੇ ਅਜ਼ ਸਾਦਾ ਲੋਹਾਨੋ ਹਨੂਰ ਬਲਕਿ ਨਾਦਾਨੋ ਸਫੀਹਾਨ

ਇਸਲਾਮ ਰਾ ਮੁਕੀਦੀ ਅਤਵਾਰ-ਵ-ਅਉਜ਼ਾਹਿ ਖ਼ੁੱਦ ਸਾਖਤਾ ਕਸਿ ਪੀਰੀ-ਵ-ਵਿਲਾਇਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ। ਊਰਾ ਗੁਰੂ ਮੀਗੁਫ਼ਤੰਦ ਵਾ ਅਜ਼ ਅਤਰਾਫ਼ੋ ਜਵਾਨਿਬ ਗੋਲਾਂਲ ਵਾ ਗੋਲ ਪਰਸਤਾਨ ਬਦੂ ਰਜੂ ਆਵੁਰਦਾ ਵ ਇਤਕਾਦੂ ਤਮਾਮ ਬਊ ਇਜ਼ਹਾਰ ਮੀਕਰੰਦੰਦ। ਅਜ਼ ਸਿਹ ਚਹਾਰ ਪੁਸ਼ਤਿ ਊ ਈਂ ਦੁਕਾਨ ਰਾ ਗਰਮ ਮੀਦਾਸ਼ਤੰਦ। ਮੁੱਦਤਹਾ ਬਖ਼ਾਤਰ ਮੀਗਸ਼ਤ, ਕਿ ਈ ਦੁਕਾਨਿ ਬਾਤਿਲ ਰਾ ਬਰਤਰਫ਼ ਬਾਇਦ ਸਾਖ਼ਤ, ਯਾ ਊ ਰਾ ਦਰ ਜਰਗਾ ਏ ਅਹਲਿ ਇਸਲਾਮ ਦਰ ਬਾਇਦ ਆਵੁਰਦ, ਤਾ ਆਂ ਕਿ ਦਰੀ ਅਯਾਮ ਖ਼ਸਰ ਅਜ਼ ਆਂ ਰਾਹ ਅਬੂਰ ਮੀਨ-ਮੂਦ, ਈਂ ਮਦਰਿਕ ਮਜ਼ਹਲ ਇਰਾਦਾ ਕਰਦ ਕਿ ਮੁਲਾਜ਼ਮਤਿ ਊ ਦਰ ਯਾਬਦ।

ਦਰ ਮਨਜ਼ਲੀ ਕਿ ਜਾ ਵਾ ਮੁਕਾਮਿ ਊ ਬੂਦ ਖ਼ੁਸਰੋ ਰਾ ਨੁਜ਼ੂਲ ਉਫ਼ਤਾਦ ਆਮਦਾ ਊਰਾ ਦੀਦ ਵਾ ਬਾਅਜ਼ੇ ਮੁਕੱਦਮਾਤ ਫਿਰਾਂ ਯਾਫ਼ਤਾ ਬਾਊ ਰਸਾਨੀਦ, ਵਾ ਬਰ ਪੇਸ਼ਾਨੀਏ ਊ ਅੰਗੁਸ਼ਤੇ ਅਜ਼ ਜ਼ਾਫ਼ਰਨ ਕਿ ਬ-ਇਸਤਲਾਹਿ ਹਿੰਦੂਆਂ ਕਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੂਨ ਮੀਦਾਨੰਦ।

ਚੂੰ ਈਂ ਮੁਕੱਦਮਾ ਬਮਸਾਮਾਏ ਜਾਹੋ ਜਲਾਲ ਮੀਰਸਦ ਵਾ ਬੁਤਾਲਾਨੇ ਊਰਾ ਬਵਜ੍ਹਾ ਅਕਮਲ ਮੀਦਾਨਿਸਤਮ।

ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖ਼ਤੰਦ ਵਾ ਮਸਾਕਿਨ ਵਾ ਮਨਾਜ਼ਿਲ ਵਾ ਫ਼ਰਜ਼ੰਦਾਨੇ ਊ ਰਾ ਮੁਰਤਜ਼ਾ ਖਾਨ ਇਨਾਇਤ ਨਮੂਦਮ ਵਾ ਅਸਬਾਬੋ ਅਮਵਾਲਿ ਊਰਾ ਬਕੈਦ ਜ਼ਬਤ ਦਰ ਆਵੁਰਦਾ ਫ਼ਰਮੂਦਮ ਕਿ ਊ ਰਾ ਬ-ਸਿਆਸਤ ਵਾ ਬ-ਯਾਸਾ ਰਸਾਨੰਦ।'

(ਤੁਜ਼ਕਿ ਜਹਾਂਗੀਰੀ,ਪੰਨਾ:੩੫)

ਜਹਾਂਗੀਰ ਦੇ ਇਨ੍ਹਾਂ ਆਪਣੇ ਸ਼ਬਦਾਂ ਦੀ ਰੌਸ਼ਨੀ ਵਿੱਚ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਉਣ ਦੀ ਜ਼ਿੰਮੇਵਾਰੀ ਜਹਾਂਗੀਰ ਦੀ ਆਪਣੀ ਹੈ , ਨਾ ਕਿ ਚੰਦੂ ਦੀ। ਜਹਾਂਗੀਰ ,ਗੁਰੂ ਘਰ ਨੂੰ ਝੂਠ ਦੀ ਦੁਕਾਨ ਸਮਝਦਾ ਸੀ ਤੇ ਬੜੀ ਦੇਰ ਤੋਂ ਇਸ ਨੂੰ ਖ਼ਤਮ ਕਰਨ ਦੀ ਵਿਉਂਤ ਸੋਚ ਰਿਹਾ ਸੀ। ਉਹ ਚਾਹੁੰਦਾ ਸੀ ਕਿ ਗੁਰੂ ਅਰਜਨ ਜਾਂ ਤਾਂ ਮੁਸਲਮਾਨ ਬਣਾ ਦਿੱਤੇ ਜਾਣ ,ਜਾਂ ਉਸ ਨੂੰ ਕਤਲ ਕਰਾ ਦਿੱਤਾ ਜਾਵੇ। ਖ਼ੁਸਰੋ ਨੂੰ ਗੁਰੂ ਸਾਹਿਬ ਵੱਲੋਂ ਦਿੱਤੀ ਸਹਾਇਤਾ ਨੇ ਉਸ ਦੇ ਨਿਰਦਈ ਵਿਚਾਰ ਨੂੰ ਅਮਲੀ ਜਾਮਾ ਪਨਾਹ ਦੇਣ ਵਾਲੀ ਘਟਨਾ ਇੱਕ ਬਹਾਨਾ ਬਣ ਗਈ , ਮੁਹਸਨ ਫ਼ਾਨੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਖ ਕਾਰਨ ਜਹਾਂਗੀਰ ਦੇ ਪੁੱਤਰ ਖ਼ੁਸਰੋ ਦੇ ਹੱਕ ਵਿੱਚ ਕੀਤੀ ਭਲਾਈ ਤੇ ਅਰਦਾਸ ਦੱਸਿਆ।

ਦਬਿਸਤਾਨ ਮਜ਼ਾਹਬ ਪੰਨਾ (੨-੨੭੩) ਵਿੱਚ ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਖ਼ੁਸਰੋ ਦੇ ਹੱਕ ਵਿੱਚ ਦੁਆ ਕਰਨ ਦੇ ਜੁਰਮ ਵਿੱਚ ਹੀ ਜਹਾਂਗੀਰ ਨੇ ਥਾਨੇਸਰ ਦੇ ਇੱਕ ਮੁਸਲਮਾਨ ਨੂੰ ਵੀ ਜਲਾਵਤਨੀ ਦੀ ਸਜ਼ਾ ਦਿੱਤੀ ਸੀ।

ਗੁਰੂ ਅਰਜਨ ਦੇਵ ਨੂੰ ਜਦੋਂ ਲਾਹੌਰ ਵੱਲ ਜਾਣ ਦਾ ਹੁਕਮ ਆਇਆ ਤਾਂ ਆਪ ਨੇ ਗੁਰਗੱਦੀ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਸੌਂਪ ਦਿੱਤੀ। ਮਾਤਾ ਗੰਗਾ ਜੀ ਨੂੰ ਧਰਵਾਸ ਦਿੱਤਾ ਤੇ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਆਦਿ ਮੁੱਖੀ ਸਿੱਖਾਂ ਨੂੰ ਉਨ੍ਹਾਂ ਦਾ ਕਰਤੱਵ ਸਮਝਾ ਕੇ ਹਰਿਮੰਦਰ ਸਾਹਿਬ ਨੂੰ ਮੱਥਾ ਟੇਕਿਆ।

ਸੰਗਤਾਂ ਨੂੰ ਦਰਸ਼ਨ ਦਿੱਤੇ ਤੇ ਲਾਹੌਰ ਵੱਲ ਚੱਲ ਪਏ । ਸਭ ਸੰਗਤਾਂ ਲਾਹੌਰ ਜਾਣ ਲਈ ਤਿਆਰ ਸਨ ਪਰ ਗੁਰੂ ਸਾਹਿਬ ਨੇ ਕੇਵਲ ਭਾਈ ਜੇਠਾ , ਪਿਰਾਣਾ, ਬਿਧੀਆ, ਪੈੜਾ ਅਤੇ ਲੰਗਾਹ ਨੂੰ ਚੱਲਣ ਲਈ ਆਗਿਆ ਦਿੱਤੀ ।

ਲਾਹੌਰ ਵਿੱਚ ਆਪ ਨੇ ਭਾਈ ਸੁਧੂ ਦੇ ਘਰ ਨਿਵਾਸ ਕੀਤਾ ਤੇ ਲਾਹੌਰ ਦੀਆਂ ਸਿੱਖ ਸੰਗਤਾਂ ਨੂੰ ਅੰਤਮ ਦਰਸ਼ਨ ਦਿੱਤੇ । ਇਸ ਤੋਂ ਬਾਦ ਆਪ ਨੂੰ ਪੰਜ ਸਿੱਖਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ । ਕਿਲ੍ਹੇ ਦੇ ਨਾਲ ਖੂਹੀ ਦੇ ਨੇੜੇ ਵਾਲੀ ਹਵੇਲੀ ਵਿੱਚ ਆਪ ਨੂੰ ਕੈਦ ਕਰ ਦਿੱਤਾ ਗਿਆ । ਇਸ ਤੋਂ ਮਗਰੋਂ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੇ ਸਾਹਮਣੇ ਪੇਸ਼ ਕੀਤਾ ਗਿਆ । ਜਹਾਂਗੀਰ ਨੇ ਆਪ ਪਾਸੋਂ ਕਈ ਸਵਾਲ ਪੁੱਛੇ ਅਤੇ ਆਪ ਨੂੰ ਅਪਰਾਧੀ ਸਿੱਧ ਕੀਤਾ ਗਿਆ । ਆਪ ਨੂੰ ਦੋ ਲੱਖ ਰੁਪਿਆ ਜੁਰਮਾਨਾ ਕੀਤਾ ਗਿਆ ਤੇ ਇਹ ਵੀ ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਜਿਹੜੇ ਸ਼ਬਦ ਇਸਲਾਮ ਦੇ ਵਿਰੁੱਧ ਹਨ ਉਹ ਕੱਢ ਦਿੱਤੇ ਜਾਣ ।

ਗੁਰੂ ਅਰਜਨ ਦੇਵ ਜੀ ਨੇ ਜਹਾਂਗੀਰ ਨੂੰ ਸਾਫ਼ ਕਹਿ ਦਿੱਤਾ ਸੀ ਕਿ ' ਸਾਡੇ ਕੋਲ ਜਿਹੜੀ ਮਾਇਆ ਹੈ ਉਹ ਗਰੀਬਾਂ ਤੇ ਅਨਾਥਾਂ ਦੀ ਹੈ । ਜੇ ਤੈਨੂੰ ਦੌਲਤ ਚਾਹੀਦੀ ਹੈ ਤਾਂ ਜੋ ਕੁੱਝ ਮੇਰੇ ਕੋਲ ਨਿੱਜੀ ਹੈ ਉਹ ਤੂੰ ਲੈ ਸਕਦਾ ਹੈਂ । ਪਰ ਜੇ ਤੂੰ ਜੁਰਮਾਨਾ ਮੰਗੇ ਤਾਂ ਤੈਨੂੰ ਕੌਡੀ ਵੀ ਨਹੀਂ ਮਿਲ ਸਕਦੀ ਅਤੇ ਜਿੱਥੋਂ ਤੱਕ ਗੁਰੂ ਗ੍ਰੰਥ ਸਾਹਿਬ ਦਾ ਸੰਬੰਧ ਹੈ ਉਸ ਵਿੱਚ ਜੋ ਕੁੱਝ ਲਿਖਿਆ ਗਿਆ ਹੈ ਉਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੈ । ਜੋ ਕੁੱਝ ਹੁਕਮ ਹੋਇਆ ਹੈ ਉਹ ਲਿਖਿਆ ਹੈ, ਵੱਧ ਘੱਟ ਕੁੱਝ ਨਹੀਂ ਕਰ ਸਕਦੇ । '

ਜਦੋਂ ਜਹਾਂਗੀਰ ਨੇ ਗੁਰੂ ਸਾਹਿਬ ਦਾ ਇਹ ਉੱਤਰ ਸੁਣਿਆ ਤਾਂ ਉਹ ਬਹੁਤ ਕ੍ਰੋਧਵਾਨ ਹੋਇਆ ਅਤੇ ਗੁਰੂ ਸਾਹਿਬ ਨੂੰ ਕਤਲ ਕਰਨ ਲਈ ਲਾਹੌਰ ਦੇ ਨਾਜ਼ਮ ਦੇ ਸਪੁਰਦ ਕਰ ਕੇ ਲਾਹੌਰ ਤੋ ਅੱਗੇ ਚਲਾ ਗਿਆ ।

ਹੁਣ ਚੰਦੂ ਨੂੰ ਬਦਲਾ ਲੈਣ ਦਾ ਅਵਸਰ ਮਿਲ ਗਿਆ । ਮੁਗਲ ਹਕੂਮਤ ਦਾ ਦੀਵਾਨ ਤਾਂ ਉਹ ਹੈ ਸੀ, ਸੋ ਨਾਜ਼ਮ ਨੂੰ ਕਹਿ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਨੀਚ ਕੰਮ ਉਸ ਨੇ ਆਪਣੇ ਜ਼ਿੰਮੇ ਲੈ ਲਿਆ । ਜਦੋਂ ਲਾਹੌਰ ਦੇ ਸਿੱਖਾਂ ਨੂੰ ਜੁਰਮਾਨੇ ਦਾ ਪਤਾ ਲੱਗਾ ਤਾਂ ਉਹ ਜੁਰਮਾਨਾ ਤਾਰਨ ਲਈ ਤਿਆਰ ਹੋ ਗਏ , ਪਰ ਗੁਰੂ ਜੀ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ।

ਚੰਦੂ ਨੇ ਗੁਰੂ ਜੀ ਨੂੰ ਜੇਠ ਦੀ ਸੜਦੀ ਧੁੱਪ ਵਿੱਚ ਗਰਮ ਪਾਣੀ ਦੀ ਉਬਲਦੀ ਦੇਗ ਵਿੱਚ ਬਿਠਾਇਆ ਪਰ ਗੁਰੂ ਜੀ ਨੇ 'ਉਫ' ਤੱਕ ਨਾ ਕੀਤੀ ਤੇ ਆਪ ਬੜੀ ਸ਼ਾਤੀ ਨਾਲ ਇਹ ਸ਼ਬਦ ਉਚਾਰਦੇ ਰਹੇ :

ਤੇਰਾ ਭਾਣਾ ਮੀਠਾ ਲਾਗੈ ॥ ਹਰਿਨਾਮ ਪਦਾਰਥ ਨਾਨਕ ਮਾਂਗੈ ॥

ਜਦੋਂ ਚੰਦੂ ਨੇ ਦੇਖਿਆ ਕਿ ਇਤਨਾ ਸਖ਼ਤ ਕਸ਼ਟ ਵੀ ਆਪਨੇ ਸਹਾਰ ਲਿਆ ਹੈ ਤਾਂ ਆਪ ਨੂੰ ਗਰਮ ਲੋਹ ਤੇ ਬਿਠਾਇਆ ਗਿਆ ਅਤੇ ਸਿਰ ਉੱਤੇ ਤੱਤੀ ਰੇਤ ਪਾਈ ਗਈ । ਗੁਰੂ ਸਾਹਿਬ ਰੱਬ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਸ਼ਾਂਤ ਤੇ ਅਡੋਲ ਰਹੇ :- ਗੁਰ ਪ੍ਰਤਿਗਿਆ ਕਹਿ ਤਜੀ, ਸੀਸ ਸਹੀ ਪ੍ਰਭੂ ਨੇਤ ॥
ਓਨ ਦੁਸ਼ਟ ਗੁਰ ਪਰ ਸਿਟਿਓ, ਲਿਆ ਕਰ ਤੱਤਾ ਰੇਤ ॥

ਰਹੇ ਬਦੇਹੀ ਹੋਇ ਦ੍ਰਿੜ੍ਹ ਬ੍ਰਹਮ ਗਿਆਨੀ ਠੀਕ ॥
ਜੇ ਬਰਨਿਓ ਮਧ ਸੁਖਮਨੀ ,ਪਾਲ ਦਿਖਾਲਿਓ ਠੀਕ ॥

ਗੁਰੂ ਨੂੰ ਦਿੱਤੇ ਜਾ ਰਹੇ ਤਸੀਹੇ ਦੇਖ ਕੇ ਸਿੱਖਾਂ ਦੀਆਂ ਅੱਖਾਂ ਵਹਿ ਤੁਰੀਆਂ। ਸਾਂਈ ਮੀਆਂ ਮੀਰ ਵੀ ਦੁੱਖ ਵਿੱਚ ਅੱਥਰੂ ਵਹਾਂਉਦੇ ਰਹੇ। ਗੁਰੂ ਜੀ ਨੇ ਸਭ ਨੂੰ ਭਾਣਾ ਮੰਨਣ ਦਾ ਇਹ ਉਪਦੇਸ਼ ਦਿੱਤਾ :-

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥

ਇਸੇ ਤਰ੍ਹਾਂ ਗੁਰੂ ਜੀ ਨੂੰ ਜਦੋਂ ਪੰਜ ਦਿਨ ਲਗਾਤਾਰ ਤਸੀਹੇ ਦਿੱਤੇ ਜਾਂਦੇ ਰਹੇ ਤਾਂ ਗੁਰੂ ਜੀ ਨੂੰ ਰਾਵੀ ਤੇ ਇਸ਼ਨਾਨ ਕਰਨ ਦੀ ਆਗਿਆ ਦਿੱਤੀ ਗਈ। ਸ਼ਾਇਦ ਇਸ ਲਈ ਕਿ ਛਾਲੇ ਛਾਲੇ ਹੋਏ ਸਰੀਰ ਉੱਤੇ ਠੰਡਾ ਪਾਣੀ ਪਵੇਗਾ ਤਾਂ ਗੁਰੂ ਸਾਹਿਬ ਪੀੜ ਨਾਲ ਵਿਆਕੁਲ ਹੋ ਜਾਣਗੇ। ਉਮਾਦਾਤੁਲ ਤਵਾਰੀਖ ਦਾ ਕਰਤਾ ਮੁਨਸ਼ੀ ਸੋਹਨ ਲਾਲ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਨੂੰ ਰਾਵੀ ਦਰਿਆ ਵਿੱਚ ਡੋਬਿਆ ਗਿਆ ਸੀ।

ਇਸ ਸਮੇਂ ਭਾਈ ਪਿਰਾਣਾ ਤੇ ਭਾਈ ਲੰਗਾਹ ਆਪ ਦੇ ਨਾਲ ਸਨ। ਗੁਰੂ ਜੀ ਭਾਈ ਪਿਰਾਣਾ ਦੇ ਮੋਢੇ ਤੇ ਹੱਥ ਰੱਖ ਕੇ ਇਸ਼ਨਾਨ ਕਰਨ ਲੱਗੇ। ਭਾਈ ਲੰਗਾਹ ਨੇ ਆਪ ਦੇ ਚਰਨ ਧੋਤੇ।

ਗੁਰੂ ਅਰਜਨ ਦੇਵ ਜੀ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਫਿਰ ਮਾਰੂ ਰਾਗ ਵਿੱਚ ਸ਼ਬਦ ਉਚਾਰਨ ਕੀਤਾ :- ਮਾਨ ਮੋਹ ਅਰੁ ਵਿਕਾਰਾ ਥੀਓ ਚੀਤਿ ਨ ਘਾਲਿਓ ॥

ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਲਿਓ ॥
ਸੇਵਕ ਦੀ ਉੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀਂ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥

ਭਾਈ ਸੰਤੋਖ ਸਿੰਘ ਨੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਵਿੱਚ ਤੇ ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿੱਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਰਾਵੀ ਵਿੱਚ ਇਸ਼ਨਾਨ ਕੀਤਾ ਤੇ ਇਸ ਤੋਂ ਬਾਦ ਸੰਗਤਾਂ ਨੂੰ ਆਦੇਸ਼ ਦਿੱਤਾ ਕਿ ਮੇਰੇ ਸਰੀਰ ਨੂੰ ਨਦੀ ਵਿੱਚ ਪ੍ਰਵਾਹ ਕਰ ਦਿੱਤਾ ਜਾਵੇ, ਫਿਰ ਪ੍ਰਾਣ ਤਿਆਗ ਦਿੱਤੇ। ਸਿੱਖਾਂ ਨੇ ਆਪ ਦੇ ਹੁਕਮ ਅਨੁਸਾਰ ਆਪ ਦੀ ਦੇਹ ਨੂੰ ਨਦੀ ਵਿੱਚ ਪ੍ਰਵਾਹ ਕਰ ਦਿੱਤਾ। ਪਰ 'ਮਹਿਮਾ ਪ੍ਰਕਾਸ਼' ਦੇ ਕਰਤਾ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਅਕਾਲ ਚਲਾਣੇ ਤੋਂ ਬਾਦ ਰਾਵੀ ਦੇ ਕੰਢੇ ਤੇ ਆਪ ਦਾ ਦਾਹ ਸੰਸਕਾਰ ਕੀਤਾ ਗਿਆ ਸੀ। ਸੋ ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਜੇਠ ਸੁਦੀ ਚੌਥ ਸੰਮਤ 1663 ਨੂੰ ਜੋਤੀ ਜੋਤਿ ਸਮਾ ਗਏ।

# ਭਗਤ ਕਬੀਰ ਜੀ ਦੀ ਮਹਾਨਤਾ

-ਪ੍ਰੋ:ਕਿਰਪਾਲ ਸਿੰਘ ਬਡੂੰਗਰ

ਭਗਤਾਂ ਨੇ ਆਪਣੀ ਬਾਣੀ ਰਾਹੀਂ ਭਾਰਤੀ ਫ਼ਲਸਫ਼ੇ ਨੂੰ ਇਕ ਨਵਾਂ ਰੰਗ ਦੇਣ ਦਾ ਯਤਨ ਕੀਤਾ ਹੈ । ਇਹ ਨਵਾਂ ਰੰਗ ਸੀ ਰੱਬੀ ਸਾਂਝ ਤੇ ਮਨੁੱਖੀ ਏਕਤਾ ਦਾ,ਬਹੁਤੇ ਭਗਤ ਅਖੌਤੀ ਨੀਵੀਆਂ ਸ਼੍ਰੇਣੀਆਂ ਵਿੱਚੋਂ ਆਏ ਹਨ । ਉਨ੍ਹਾਂ ਨੇ ਆਪਣੀ ਭਗਤੀ-ਸਾਧਨਾ ਤੇ ਅਨੁਭਵ ਦੀ ਵਿਸ਼ਾਲਤਾ ਨਾਲ ਬ੍ਰਾਹਮਣ ਵਰਗ ਦਾ ਇਹ ਭਰਮ ਦੂਰ ਕਰ ਦਿੱਤਾ ਸੀ ਕਿ ਰੱਬ ਦਾ ਗਿਆਨ ਸਿਰਫ਼ ਬ੍ਰਾਹਮਣ ਦੇ ਮਨ ਵਿੱਚ ਹੀ ਉਪਜ ਸਕਦਾ ਹੈ ਤੇ ਅਖੌਤੀ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਰੱਬੀ ਗਿਆਨ ਦੀ ਪ੍ਰਾਪਤੀ ਹੋਣੀ ਅਸੰਭਵ ਹੈ । ਭਗਤ ਕਬੀਰ ਜੀ ਤੋਂ ਪਹਿਲਾਂ ਭਗਤ ਰਵਿਦਾਸ ਜੀ ਨੇ ਇਸ ਵਿਚਾਰਧਾਰਾ ਦਾ ਆਰੰਭ ਕਰ ਦਿੱਤਾ ਸੀ । ਭਗਤ ਕਬੀਰ ਜੀ ਨੇ ਇਸ ਵਿੱਚ ਹੋਰ ਤੀਖਣਤਾ, ਸਪੱਸ਼ਟਤਾ ਤੇ ਵਿਸ਼ਾਲਤਾ ਦਾ ਸੰਚਾਰ ਕੀਤਾ ।

ਭਗਤ ਕਬੀਰ ਜੀ ਦਾ ਜਨਮ 1398 ਈ. ਵਿੱਚ ਬਨਾਰਸ ਵਿਖੇ ਹੋਇਆ । ਬਨਾਰਸ ਸਦੀਆਂ ਤੋਂ ਹੀ ਬ੍ਰਾਹਮਣਵਾਦ ਦਾ ਗੜ੍ਹ ਰਿਹਾ ਹੈ । ਇਥੇ ਜਾਤ-ਪਾਤ ਦੀ ਭਾਵਨਾ ਅਤੇ ਹੋਰ ਬ੍ਰਾਹਮਣੀ ਰਸਮਾਂ ਦਾ ਬੜਾ ਜ਼ੋਰ ਸੀ । ਇਥੇ ਪਰਮਾਤਮਾ ਨੂੰ ਮੂਰਤੀਆਂ ਦੇ ਰੂਪ ਵਿੱਚ ਪੂਜਿਆ ਜਾਂਦਾ ਸੀ । ਇਹ ਰੱਬ ਦਾ ਰੂਪ ਸਿਰਫ਼ ਹਿੰਦੂ ਉੱਚ-ਜਾਤੀਆਂ ਤਕ ਹੀ ਸੀਮਤ ਸੀ । ਮੁਸਲਮਾਨਾਂ ਅਤੇ ਅਛੂਤਾਂ ਨੂੰ ਰੱਬ ਤੋਂ ਦੂਰ ਤੇ ਬੁਰੇ ਸਮਝਿਆ ਜਾਂਦਾ ਸੀ । ਇਸਲਾਮ ਵਾਲੇ ਹਿੰਦੂਆਂ ਨੂੰ ਕਾਫ਼ਰ ਸਮਝਦੇ ਸਨ । ਭਗਤ ਕਬੀਰ ਜੀ ਦਾ ਅਨੁਭਵ ਬ੍ਰਾਹਮਣ ਸੋਚ ਤੋਂ ਕਿਤੇ ਵਿਸ਼ਾਲ ਤੇ ਡੂੰਘਾ ਸੀ । ਉਹ ਅੱਲ੍ਹਾ ਤੇ ਰਾਮ ਵਿੱਚ ਕੋਈ ਅੰਤਰ ਨਹੀਂ ਕਰਦੇ ਸਨ । ਉਨ੍ਹਾਂ ਦਾ ਪਰਮਾਤਮਾ ਮੰਦਰਾਂ ਵਿੱਚ ਨਹੀਂ ਸਗੋਂ ਸਾਰੀ ਲੋਕਾਈ ਵਿੱਚ ਵੱਸਦਾ ਵਿਖਾਈ ਦਿੰਦਾ ਸੀ । ਉਸ ਪਰਮਾਤਮਾ ਨੇ ਜੋਤ ਰੂਪ ਹੋ ਕੇ ਸਭ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਇਸ ਲਈ ਉਸ ਨੂੰ ਸਾਰੇ ਮਨੁੱਖ ਬਰਾਬਰ ਹਨ, ਇਨ੍ਹਾਂ ਵਿੱਚ ਕੋਈ ਅੰਤਰ ਨਹੀਂ ਹੈ । ਪਰਮਾਤਮਾ ਦਾ ਇਹ ਰੂਪ ਬ੍ਰਾਹਮਣ ਵਰਗ ਤੇ ਇਸਲਾਮ ਦੇ ਪੂਜਾ-ਵਿਧਾਨ ਅਤੇ ਕਰਮ-ਕਾਂਡ ਦੇ ਤੰਗ ਦਾਇਰੇ ਦੇ ਟਾਕਰੇ 'ਤੇ ਵਿਸ਼ਾਲ ਅਤੇ ਵਿਆਪਕ ਸੀ । ਭਗਤ ਕਬੀਰ ਜੀ ਦੇ ਇਸ ਸ਼ਬਦ ਵਿੱਚੋਂ ਅੰਤਮ ਸੱਚ ਸਪੱਸ਼ਟ ਰੂਪ ਵਿੱਚ ਉਜਾਗਰ ਹੁੰਦਾ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ॥

ਬ੍ਰਾਹਮਣਵਾਦ ਪਰਮਾਤਮਾ ਨੂੰ ਅਮਲੀ ਤੌਰ 'ਤੇ ਮਨੁੱਖ ਦੀ ਮੂਰਤੀ ਦੇ ਰੂਪ ਵਿੱਚ ਹੀ ਵੇਖਦਾ ਆਇਆ ਹੈ । ਇਸ ਧਾਰਨਾ ਨੇ ਭਾਰਤੀ ਸੋਚ ਨੂੰ ਸੀਮਤ

ਹਿਰਦੇ ਦੀ ਵਿਸ਼ਾਲਤਾ ਦੇ ਭਾਈਚਾਰੇ ਦੀ ਭਾਵਨਾ ਦੀ ਸਦਾ ਅਣਹੋਂਦ ਹੀ ਰਹੀ ਹੈ। ਇਸਲਾਮ ਨੇ ਇੱਥੇ ਰਾਜ ਸਥਾਪਤ ਕਰ ਕੇ ਦੋ ਸਦੀਆਂ ਵਿੱਚ ਹੀ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਮੁਸਲਮਾਨ ਬਣਾਇਆ ਸੀ, ਪਰ ਸਨਾਤਨ ਧਰਮ ਦੀ ਮਰਯਾਦਾ ਕਰਮ-ਕਾਂਡ ਦੀ ਭਰਮ-ਰੇਖਾ ਵਿੱਚ ਹੀ ਸੁੰਗੜੀ ਬੈਠੀ ਸੀ। ਭਗਤ ਕਬੀਰ ਜੀ ਬ੍ਰਾਹਮਣਾਂ ਦੇ ਕਾਇਮ ਕੀਤੇ ਭਰਮ ਨੂੰ ਤੋੜ ਦੇਣਾ ਚਾਹੁੰਦੇ ਸਨ। ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿੱਚ ਮੂਰਤੀ ਪੂਜਾ ਦਾ ਖੰਡਨ ਕੀਤਾ। ਬਨਾਰਸ ਵਿੱਚ ਬਹਿ ਕੇ ਮੂਰਤੀ ਪੂਜਾ ਦਾ ਵਿਰੋਧ ਕਰਨਾ ਅਤੇ ਭਗਵਾਨ ਦੀ ਮੂਰਤੀ ਨੂੰ ਪੱਥਰ ਕਹਿ ਦੇਣਾ ਇਕ ਵੱਡੀ ਦਲੇਰੀ ਦਾ ਕਦਮ ਸੀ। ਉਨ੍ਹਾਂ ਨੇ ਇਸ ਵਿਚਾਰ ਨੂੰ ਬਹੁਤ ਸੁੰਦਰ ਤੇ ਰਸੀਲੇ ਢੰਗ ਨਾਲ ਬਿਆਨਿਆ ਹੈ। ਮੂਰਤੀ ਪੂਜਾ ਲਈ ਫੁੱਲ-ਪੱਤੀਆਂ ਤੋੜਦੀ ਮਾਲਣੀ ਨੂੰ ਸੰਬੋਧਨ ਕਰ ਕੇ ਭਗਤ ਕਬੀਰ ਜੀ ਫ਼ੁਰਮਾਉਂਦੇ ਹਨ :

> ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
> ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥
> ਭੂਲੀ ਮਾਲਨੀ ਹੈ ਏਉ ॥
> ਸਤਿਗੁਰੁ ਜਾਗਤਾ ਹੈ ਦੇਉ ॥ ੧ ॥ ਰਹਾਉ ॥
> ਬ੍ਰਹਮ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥
> ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥ ੨॥
> ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ ॥
> ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥ ੩॥
> ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
> ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥ ੪ ॥
> ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
> ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥ ੫॥੧॥੧੪॥

ਕਬੀਰ ਸਾਹਿਬ ਨੇ ਨਿਰਗੁਣ ਬ੍ਰਹਮ ਦਾ ਪ੍ਰਚਾਰ ਕੀਤਾ ਹੈ। ਜਦੋਂ ਤੁਲਸੀ ਦਾਸ ਵਰਗੇ ਕਵੀ ਰਾਮ-ਭਗਤੀ ਦਾ ਪ੍ਰਚਾਰ ਕਰ ਰਹੇ ਸਨ ਉਸ ਵੇਲੇ ਭਗਤ ਕਬੀਰ ਜੀ ਨੇ ਨਿਰਗੁਣ ਬ੍ਰਹਮ ਦੀ ਭਗਤੀ ਕੀਤੀ ਸੀ। ਬ੍ਰਾਹਮਣੀ ਵਿਚਾਰਧਾਰਾ ਅਨੁਸਾਰ ਅਵਤਾਰ ਪਰਮਾਤਮਾ ਦਾ ਹੀ ਰੂਪ ਹਨ। ਪਾਰਬ੍ਰਹਮ ਮਨੁੱਖ ਰੂਪ ਧਾਰਨ ਕਰਦਾ ਹੈ ; ਕਿਸੇ ਦੇ ਘਰ ਜਨਮ ਲੈਂਦਾ ਹੈ। ਕਬੀਰ ਸਾਹਿਬ ਨੇ ਅਵਤਾਰਵਾਦ ਦੇ ਇਸ ਸਿਧਾਂਤ ਨੂੰ ਗ਼ਲਤ ਕਿਹਾ ਹੈ। ਉਨ੍ਹਾਂ ਨੇ ਪਰਮਾਤਮਾ ਉਸੇ ਸ਼ਕਤੀ ਨੂੰ ਮੰਨਿਆ ਹੈ ਜੋ ਜੂਨੀ ਵਿੱਚ ਨਹੀਂ ਆਉਂਦਾ ਅਤੇ ਜਿਸ ਦਾ ਕੋਈ ਮਾਂ-ਬਾਪ ਨਹੀਂ ਹੈ :

> ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥
> ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯ ॥੭੦॥

ਕਬੀਰ ਸਾਹਿਬ ਦਾ ਗਿਆਨ ਏਨਾ ਪ੍ਰਚੰਡ ਸੀ ਕਿ ਉਨ੍ਹਾਂ ਦੇ ਸਾਹਮਣੇ ਸਾਰੇ ਝੂਠੇ ਵਿਸ਼ਵਾਸ ਤੇ ਭਰਮ ਠਹਿਰ ਨਹੀਂ ਸਕੇ। ਉਨ੍ਹਾਂ ਦਾ ਗਿਆਨ ਇੱਕ

ਵੱਡਾ ਇਨਕਲਾਬੀ ਗਿਆਨ ਸੀ। ਇਹ ਇਕ ਹਨੇਰੀ ਵਾਂਗ ਸੀ ਜਿਸ ਨੇ ਸਾਰੀਆਂ ਪੁਰਾਤਨ ਰਹੁ-ਰੀਤਾਂ, ਪੂਜਾ ਅਰਚਨਾ ਦੀਆਂ ਵਿਧੀਆਂ ਨੂੰ ਰੱਦ ਕਰ ਦਿੱਤਾ ਸੀ। ਆਪ ਫ਼ੁਰਮਾਉਂਦੇ ਹਨ:

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥

ਉਨ੍ਹਾਂ ਨੂੰ ਸੱਚ ਦਾ ਪ੍ਰਤੱਖ ਗਿਆਨ ਸੀ। ਉਨ੍ਹਾਂ ਦੇ ਸਭ ਸ਼ੰਕੇ ਦੂਰ ਹੋ ਚੁੱਕੇ ਸਨ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਬ੍ਰਾਹਮਣ, ਕਾਜ਼ੀ ਤੇ ਜੋਗੀ ਕੂੜ ਦਾ ਪ੍ਰਚਾਰ ਕਰ ਰਹੇ ਹਨ ਤੇ ਲੋਕਾਂ ਨੂੰ ਭੁਲੇਖਿਆਂ ਵਿੱਚ ਪਾ ਕੇ ਲੁੱਟ-ਖਸੁੱਟ ਕਰ ਰਹੇ ਹਨ, ਲੋਕਾਂ 'ਤੇ ਜ਼ੁਲਮ ਕਰ ਰਹੇ ਹਨ। ਕਬੀਰ ਸਾਹਿਬ ਨੇ ਸੱਚ ਦਾ ਢੰਡੋਰਾ ਦਿੱਤਾ ਅਤੇ ਇਨ੍ਹਾਂ ਤਿੰਨਾਂ ਵਰਗਾਂ ਦੇ ਝੂਠ ਦਾ ਪਾਜ ਉਘਾੜਿਆ ਹੈ। ਉਨ੍ਹਾਂ ਨੇ ਬ੍ਰਾਹਮਣ ਨੂੰ ਕਿਹਾ ਕਿ ਜਿਸ ਜਨੇਊ ਦਾ ਤੂੰ ਮਾਣ ਕਰਦਾ ਹੈਂ ਇਹੋ ਜਿਹੇ ਧਾਗੇ ਸਾਡੇ ਘਰ ਬਹੁਤ ਹਨ, ਕਿਉਂ ਕਿ ਉਨ੍ਹਾਂ ਦੇ ਮਾਂ-ਬਾਪ ਜੁਲਾਹੇ ਸਨ ਤੇ ਕੱਪੜਾ ਬੁਣਨ ਦਾ ਕੰਮ ਕਰਦੇ ਸਨ:

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥
ਤੁਮ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥੧॥

ਉਨ੍ਹਾਂ ਨੇ ਮੁਸਲਮਾਨ ਕਾਜ਼ੀ ਨੂੰ ਵੀ ਕਿਹਾ ਕਿ ਉਸ ਪਰਮਾਤਮਾ ਦਾ ਧਿਆਨ ਧਰ, ਜਿਸ ਨੇ ਹਿੰਦੂ ਮੁਸਲਮਾਨ ਦੋਵੇਂ ਬਣਾਏ ਹਨ, ਜੋ ਦੋਵਾਂ ਦਾ ਸਾਂਝਾ ਹੈ। ਜਿਹੜੇ ਪਰਮਾਤਮਾ ਦਾ ਗਿਆਨ ਨਹੀਂ ਰੱਖਦੇ, ਸਿਰਫ਼ ਕੁਰਾਨ ਆਦਿ ਪੁਸਤਕਾਂ ਦਾ ਹੀ ਵਿਖਿਆਨ ਕਰਦੇ ਹਨ। ਉਨ੍ਹਾਂ ਨੂੰ ਸਹੀ ਮਾਰਗ ਉੱਪਰ ਨਹੀਂ ਕਿਹਾ ਜਾ ਸਕਦਾ। ਭਗਤ ਕਬੀਰ ਜੀ ਫ਼ੁਰਮਾਉਂਦੇ ਹਨ :

ਕਾਜੀ ਤੈ ਕਵਨ ਕਤੇਬ ਬਖਾਨੀ ॥
ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥

ਉਨ੍ਹਾਂ ਨੇ ਜੋਗੀ ਨੂੰ ਆਖਿਆ ਕਿ ਨੰਗੇ ਫਿਰਨ ਨਾਲ, ਸਿਰ ਮੁਨਾਉਣ ਨਾਲ ਤੇ ਬਿੰਦ ਰੱਖਣ ਨਾਲ ਜੋਗੀ ਨਹੀਂ ਹੋਇਆ ਜਾਂਦਾ। ਜੇ ਅਜਿਹਾ ਹੁੰਦਾ ਤਾਂ ਜੰਗਲ ਦਾ ਜਾਨਵਰ, ਭੇਡ ਅਤੇ ਖੁਸਰਾ ਪਰਮਗਤੀ ਨੂੰ ਪ੍ਰਾਪਤ ਹੋ ਜਾਂਦੇ :

ਨਗਨ ਫਿਰਤ ਜੌ ਪਾਈਐ ਜੋਗੁ ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥ ੧॥ ਰਹਾਉ ॥
ਮੂਡ ਮੁੰਡਾਏ ਜੌ ਸਿਧਿ ਪਾਈ ॥
ਮੁਕਤੀ ਭੇਡ ਨ ਗਈਆ ਕਾਈ ॥੨॥
ਬਿੰਦੁ ਰਾਖਿ ਜੌ ਤਰੀਐ ਭਾਈ ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥

ਉਨ੍ਹਾਂ ਨੇ ਬ੍ਰਾਹਮਣਾਂ ਦੇ ਜਾਤੀ ਅਭਿਆਨ ਦਾ ਖੰਡਨ ਕੀਤਾ ਹੈ।

ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ ਉਹ ਹੀ ਸੱਚਾ ਬ੍ਰਾਹਮਣ ਹੈ । ਕਿਸੇ ਜਾਤੀ ਵਿੱਚ ਜਨਮ ਲੈਣ ਕਰਕੇ ਕੋਈ ਬ੍ਰਾਹਮਣ ਜਾਂ ਸ਼ੂਦਰ ਨਹੀਂ ਬਣ ਜਾਂਦਾ । ਉਨ੍ਹਾਂ ਦੇ ਬਚਨ ਹਨ :

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥

ਉਨ੍ਹਾਂ ਨੂੰ ਬ੍ਰਾਹਮਣ ਵਰਗ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਧਾਰਮਿਕ ਸੱਚ ਨਜ਼ਰ ਨਹੀਂ ਆਇਆ । ਇਸ ਨੇ ਲੋਕਾਂ ਨੂੰ ਧੋਖਾ ਦੇਣ ਲਈ ਹੀ ਇਹ ਰੂਪ ਧਾਰਨ ਕੀਤਾ ਹੈ। ਪ੍ਰਭੂ ਦੇ ਗਿਆਨ ਨਾਲ ਇਸ ਵਰਗ ਦਾ ਕੋਈ ਵਾਸਤਾ ਹੀ ਨਹੀਂ ਹੈ । ਇਨ੍ਹਾਂ ਦੀ ਤਸਵੀਰ ਉਹ ਬਾਣੀ ਵਿੱਚ ਇੰਝ ਪੇਸ਼ ਕਰਦੇ ਹਨ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥

ਕਾਜ਼ੀ, ਬ੍ਰਾਹਮਣ ਆਦਿ ਪੁਜਾਰੀ ਵਰਗ ਨਾਲੋਂ ਉਹ ਹਰੀ ਦੀ ਭਗਤੀ ਕਰਨ ਵਾਲੇ ਸੰਤਾਂ ਮਹਾਤਮਾ ਨੂੰ ਬਹੁਤ ਉੱਤਮ ਮੰਨਦੇ ਸਨ । ਸੰਤਾਂ, ਭਗਤਾਂ ਦੀ ਮਹਿਮਾ ਦਾ ਉਨ੍ਹਾਂ ਨੇ ਭਰਪੂਰ ਵਰਣਨ ਕੀਤਾ ਹੈ । ਸੰਤਾਂ ਦੀ ਸੰਗਤ ਕਰਨ ਤੇ ਸੰਤਾਂ ਦੀ ਸੇਵਾ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ । ਸੰਤਾਂ ਨੂੰ ਸਿਰਫ਼ ਸੰਤਾਂ ਨਾਲ ਹੀ ਗੋਸ਼ਟੀ ਕਰਨੀ ਚਾਹੀਦੀ ਹੈ । ਅਸੰਤ ਵਿਅਕਤੀਆਂ, ਪਾਖੰਡੀਆਂ ਤੇ ਨਾਸਤਕਾਂ ਨਾਲ ਝੱਖ ਨਹੀਂ ਮਾਰਨੀ ਚਾਹੀਦੀ :

ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥
ਮਿਲੈ ਅਸੰਤੁ ਮਸਟਿ ਕਰਿ ਰਹੀਐ ॥੧॥

ਕਬੀਰ ਸਾਹਿਬ ਪਰਮਾਤਮਾ ਨੂੰ ਸੰਤਾਂ ਦਾ ਰਾਖਾ ਮੰਨਦੇ ਹਨ । ਪਰਮਾਤਮਾ ਸੱਚੇ ਸੰਤਾਂ ਨੂੰ ਸਦਾ ਮਾਨ ਬਖ਼ਸ਼ਦਾ ਹੈ । ਸੋ ਜੋ ਲੋਕ ਸੰਤਾਂ ਦਾ ਵਿਰੋਧ ਕਰਦੇ ਹਨ , ਉਨ੍ਹਾਂ ਨਾਲ ਦੁਤੀਆ-ਭਾਵ ਰੱਖਦੇ ਹਨ ਉਨ੍ਹਾਂ ਨੂੰ ਉਹ ਡੰਨ ਦਿੰਦਾ ਹੈ । ਇਸ ਲਈ ਕਬੀਰ ਸਾਹਿਬ ਸਭ ਕੁਝ ਛੱਡ ਕੇ ਪਰਮਾਤਮਾ ਦੀ ਹੀ ਸੇਵਾ ਵਿੱਚ ਲੀਨ ਰਹਿੰਦੇ ਹਨ । ਉਨ੍ਹਾਂ ਦਾ ਫ਼ੁਰਮਾਨ ਹੈ :

ਸੰਤਾ ਮਾਨਉ ਦੂਤਾ ਡਾਨਊ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ॥੧॥

ਉਨ੍ਹਾਂ ਦੀ ਬਾਣੀ ਵਿੱਚੋਂ ਇਹ ਪ੍ਰਮਾਣ ਵੀ ਮਿਲਦਾ ਹੈ ਕਿ ਉਹ ਸਾਬਤ-ਸੂਰਤ ਸਨ । ਉਹ ਆਪ ਪੂਰਨ ਕੇਸਾਧਾਰੀ ਸਨ । ਇਸ ਲਈ ਉਨ੍ਹਾਂ ਨੇ ਉਪਰੋਕਤ ਸ਼ਬਦ ਵਿੱਚ ਕੇਸਾਂ ਦਾ ਚੌਰ ਬਣਾ ਕੇ ਹਰੀ ਰੂਪ ਰਾਜੇ 'ਤੇ ਫੇਰਨ ਦਾ ਭਾਵ ਪ੍ਰਗਟ ਕੀਤਾ ਹੈ । ਕਬੀਰ ਸਾਹਿਬ ਅਨੁਸਾਰ ਹਰੀ ਹੀ ਸਭ ਤੋਂ ਵੱਡਾ ਰਾਜਾ ਹੈ । ਉਹ ਪਰਜਾ 'ਤੇ ਜ਼ੁਲਮ ਕਰਨ ਵਾਲੇ ਰਾਜਿਆਂ ਨੂੰ ਕੋਈ ਮਹੱਤਵ ਨਹੀਂ ਦਿੰਦੇ । ਉਨ੍ਹਾਂ ਅਨੁਸਾਰ ਦੁਨਿਆਵੀ ਭੂਪਤਿ ਚਾਰ ਦਿਨਾਂ ਦੇ ਪ੍ਰਾਹੁਣੇ ਹਨ ਜੋ ਝੂਠੀ ਸ਼ਾਨ ਵਿਖਾਉਂਦੇ ਹਨ :

ਕੋਊ ਹਰਿ ਸਮਾਨਿ ਨਹੀਂ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ਰਹਾਉ॥

ਭਗਤ ਕਬੀਰ ਜੀ ਦੇ ਸਮੇਂ ਮੁਹੰਮਦ ਤੁਗ਼ਲਕ ਦਾ ਰਾਜ ਸੀ। ਉਸ ਵੇਲੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਂਦਾ ਸੀ। ਭਗਤ ਕਬੀਰ ਜੀ ਦੀ ਪ੍ਰਸਿੱਧੀ ਬਹੁਤ ਹੋ ਚੁੱਕੀ ਸੀ। ਕਾਜ਼ੀਆਂ ਦੇ ਚੁਗ਼ਲੀ ਕਰਨ 'ਤੇ ਭਗਤ ਕਬੀਰ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਮੁਸਲਮਾਨ ਬਣਨ ਲਈ ਕਿਹਾ ਗਿਆ। ਉਨ੍ਹਾਂ ਦੇ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਹਾਥੀ ਅੱਗੇ ਬੰਨ੍ਹ ਕੇ ਸੁਟਵਾਇਆ ਗਿਆ ਤੇ ਗੰਗਾ ਵਿੱਚ ਡੁਬਾਉਣ ਦਾ ਯਤਨ ਕੀਤਾ ਗਿਆ। ਭਗਤ ਨਾਮਦੇਵ ਜੀ ਵਾਂਗ ਉਨ੍ਹਾਂ ਦੀ ਰੱਖਿਆ ਪਰਮਾਤਮਾ ਨੇ ਕੀਤੀ। ਇਸ ਦਾ ਵਰਣਨ ਉਨ੍ਹਾਂ ਦੀ ਬਾਣੀ ਵਿੱਚੋਂ ਇਸ ਤਰ੍ਹਾਂ ਮਿਲਦਾ ਹੈ :

ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥
ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥
ਹਸਤਿ ਭਾਗਿ ਕੈ ਚੀਸਾ ਮਾਰੈ ॥
ਇਆ ਮੂਰਤਿ ਕੈ ਹਉ ਬਲਿਹਾਰੈ ॥੧॥
ਗੰਗ ਗੁਸਾਇਨਿ ਗਹਿਰ ਗੰਭੀਰ ॥
ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥
ਮਨੁ ਨ ਡਿਗੈ ਕਾਹੇ ਕਉ ਡਰਾਇ ॥
ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ॥

ਹਰੀ ਦੇ ਨਾਮ ਵਿੱਚ ਲੀਨ ਹੋਣ ਕਰਕੇ ਭਗਤ ਕਬੀਰ ਜੀ ਅਜਿਹੀ ਅਵਸਥਾ ਨੂੰ ਪਹੁੰਚ ਚੁੱਕੇ ਸਨ ਜਿੱਥੇ ਕਿ ਮੌਤ ਦਾ ਕੋਈ ਭੈ ਨਹੀਂ ਸੀ। ਉਨ੍ਹਾਂ ਨੇ ਆਪਣੇ ਆਪੇ ਨੂੰ ਛੱਡ ਕੇ ਪਰਮਾਤਮਾ ਦਾ ਪਰਮਾਨੰਦ ਪ੍ਰਾਪਤ ਕਰ ਲਿਆ ਸੀ, ਹੁਣ ਉਹ ਕਿਸੇ ਤਰ੍ਹਾਂ ਵੀ ਮਰ ਨਹੀਂ ਸਨ ਸਕਦੇ। ਉਨ੍ਹਾਂ ਨੇ ਆਪਣੀ ਹੋਂਦ ਪਰਮਾਤਮਾ ਦੀ ਹੋਂਦ ਵਿੱਚ ਮਿਲਾ ਦਿੱਤੀ ਸੀ। ਇਸ ਤਰ੍ਹਾਂ ਦੀ ਮਰਨੀ ਮਰਨ ਵਾਲਾ ਕਦੇ ਮਰ ਨਹੀਂ ਸੀ ਸਕਦਾ। ਭਾਰਤੀ ਲੋਕ ਮਰਨ ਤੋਂ ਸਦਾ ਡਰਦੇ ਰਹੇ ਹਨ। ਮਰਨ ਤੋਂ ਡਰਦੇ ਉਹ ਕਈ ਤਰ੍ਹਾਂ ਦੇ ਸਾਧਨ ਕਰਦੇ ਸਨ, ਜਪ-ਤਪ ਕਰਦੇ ਸਨ, ਹਵਨ ਯੱਗ ਕਰ ਕੇ ਲੰਮੀ ਉਮਰ ਦੇ ਵਰਦਾਨ ਲੈਂਦੇ ਸਨ। ਕਬੀਰ ਸਾਹਿਬ ਨੇ ਲੋਕਾਂ ਦੇ ਮਨਾਂ ਵਿੱਚੋਂ ਮਰਨ ਦਾ ਡਰ ਖ਼ਤਮ ਕੀਤਾ। ਉਨ੍ਹਾਂ ਨੇ ਫ਼ੁਰਮਾਇਆ ਹੈ ਕਿ ਪ੍ਰਭੂ ਦੇ ਪ੍ਰੇਮ ਵਿੱਚ ਜੋ ਆਪਣੇ ਆਪ ਨੂੰ ਰੰਗ ਦਿੰਦਾ ਹੈ ਉਸ ਨੂੰ ਮਰਨ ਦਾ ਕੋਈ ਭੈ ਨਹੀਂ ਰਹਿੰਦਾ, ਉਹਦੇ ਲਈ ਮਰਨਾ ਇਕ ਅਨੰਦਮਈ ਅਨੁਭਵ ਹੋ ਸਕਦਾ ਹੈ:

ਜਿਹ ਮਰਨੈ ਸਭੁ ਜਗਤੁ ਤਰਾਸਿਆ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥
ਅਬ ਕੈਸੇ ਮਰਉ ਮਰਨਿ ਮਨੁ ਮਾਇਆ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥੧॥ ਰਹਾਉ॥

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥

ਕਬੀਰ ਸਾਹਿਬ ਇਸ ਜੀਵਨ ਨੂੰ ਇਕ ਵੱਡਾ ਸੰਗਰਾਮ ਮੰਨਦੇ ਹਨ। ਇਸ ਨੂੰ ਵਿਸ਼ੇ-ਵਿਕਾਰਾਂ ਵਿੱਚ ਨਹੀਂ ਗਵਾ ਦੇਣਾ ਚਾਹੀਦਾ। ਇਹ ਜੂਝ ਮਰਨ ਦਾ ਵੇਲਾ ਹੈ। ਆਪਣੀਆਂ ਵਾਸ਼ਨਾਵਾਂ 'ਤੇ ਕਾਬੂ ਪਾਉਣ ਲਈ ਮਨੁੱਖ ਨੂੰ ਸਦਾ ਯਤਨਸ਼ੀਲ ਤੇ ਸਾਵਧਾਨ ਰਹਿਣਾ ਚਾਹੀਦਾ ਹੈ। ਅਧਿਆਤਮਕਤਾ ਦਾ ਖੇਤਰ ਇਕ ਬਿਖਮ ਕਾਰਜ ਹੈ। ਇਸ ਨੂੰ ਕੋਈ ਸੂਰਮਾ ਹੀ ਫ਼ਤਹਿ ਕਰ ਸਕਦਾ ਹੈ ਜੋ ਆਪਣੀਆਂ ਮਾਨਸਿਕ ਅਤੇ ਦੁਨਿਆਵੀ ਦੋਵੇਂ ਤਾਕਤਾਂ ਨਾਲ ਲੜ ਸਕੇ। ਉਨ੍ਹਾਂ ਦਾ ਫ਼ੁਰਮਾਨ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

ਉਨ੍ਹਾਂ ਦਾ ਸਾਰਾ ਜੀਵਨ ਸੰਘਰਸ਼ ਕਰਦਿਆਂ ਬਤੀਤ ਹੋਇਆ। ਮਨ ਦੇ ਵਿਕਾਰਾਂ ਆਦਿ ਆਤਮਿਕ ਰੁਕਾਵਟਾਂ ਨਾਲ ਲੜਨ ਤੋਂ ਇਲਾਵਾ ਸਮੇਂ ਦੇ ਕਾਜ਼ੀਆਂ, ਬ੍ਰਾਹਮਣਾਂ ਤੇ ਹਾਕਮ ਵਰਗ ਦੇ ਵਿਰੁਧ ਦਾ ਸਾਹਮਣਾ ਵੀ ਉਨ੍ਹਾਂ ਨੂੰ ਕਰਨਾ ਪਿਆ। ਉਨ੍ਹਾਂ ਨੇ ਪ੍ਰੇਮਾ-ਭਗਤੀ ਤੇ ਸਤਿ-ਸੰਤੋਖ ਆਦਿ ਗੁਣਾਂ ਦੇ ਆਸਰੇ ਅੰਤਰਿਕ ਅਤੇ ਬਾਹਰੀ ਵਿਰੋਧੀਆਂ 'ਤੇ ਵਿਜੈ ਪਾਈ ਅਤੇ ਸਿਖਰ ਦੀ ਆਤਮਿਕ ਅਵਸਥਾ ਪ੍ਰਾਪਤ ਕੀਤੀ। ਉਨ੍ਹਾਂ ਦੀ ਬਾਣੀ ਵਿੱਚ ਇਸ ਜਿੱਤ ਬਾਰੇ ਇੰਞ ਵਰਣਨ ਕੀਤਾ ਗਿਆ ਹੈ :

ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥

ਭਗਤ ਕਬੀਰ ਜੀ ਨੇ ਭਾਰਤ ਦੇ ਸਮਾਜਿਕ, ਧਾਰਮਿਕ ਤੇ ਰਾਜਨੀਤਕ ਜੀਵਨ ਵਿੱਚ ਵੱਡੀ ਤਬਦੀਲੀ ਲਿਆਂਦੀ। ਉਨ੍ਹਾਂ ਨੇ ਧਰਮ ਨੂੰ ਵਖਰੇਵਿਆਂ ਵਿੱਚੋਂ ਕੱਢ ਕੇ ਸਾਂਝਾ ਰੂਪ ਦਿੱਤਾ। ਮੂਰਤੀ ਪੂਜਾ ਤੇ ਅਵਤਾਰਵਾਦ ਦੀ ਥਾਂ ਨਿਰਗੁਣ ਪੂਜਾ ਨਾਲ ਜੋੜਿਆ। ਕਰਮ-ਕਾਂਡੀ ਤੇ ਡਰਪੋਕ ਬਣਨ ਦੀ ਥਾਂ ਮਨੁੱਖ ਨੂੰ ਕਿਰਿਆਸ਼ੀਲ ਤੇ ਨਿਰਭੈ ਯੋਧਾ ਬਣਾਇਆ। ਮਨੁੱਖ ਦੇ ਜੀਵਨ ਵਿੱਚੋਂ ਮਰਨ ਦਾ ਡਰ ਦੂਰ ਕਰ ਕੇ ਦੁਨਿਆਵੀ ਸੁਖਾਂ ਦਾ ਜਾਚਕ ਹੋਣੀ ਦੀ ਥਾਂ ਪਰਮਾਨੰਦ ਦਾ ਅਭਿਲਾਸ਼ੀ ਬਣਨ ਦਾ ਮਾਰਗ ਦਿਖਾਇਆ।

# मुंदावणी

महंत काहन सिंह 'सेवा पंथी'

हिन्दी रुप – सागर कोटकपूरा

आदि गुरु श्री गुरु ग्रंथ साहिब जी की सम्पूर्णता पर श्री गुरु अर्जन देव जी (पंचम नानक) ने अन्त में मुंदावणी शीर्षक अधीन गुरुबाणी की महमा का वर्णन करते हुए यह शब्द अंकित किया है :–

**मुंदावणी महला पंजवां**

थाल विचि तिनि वस्तू पईओ सतु संतोख वीचारो।
अमृत नामु ठाकुर का पइओ जिसका सभसु अधारो।
जे को खावै जे को भुंचै तिसका होइ उधारो।
इह वस्तु तजी नहीं जाई नित नित रखु उरिधारो।
तम संसारु चरण लगि तरीअै सभु नानक ब्रह्म पसारो।

अब इस मुंदावणी (बुझारत) के रहस्य को समझते हैं:–

थाल विचि तिनि वस्तु पईओ सतु संतोख वीचारो।
अमृत नामु ठाकुर का पइओ जिसका सभसु अधारो।

शब्दार्थ : थाल विचि : गुरुबाणी (गुरु शब्द) के अध्यात्मक थाल में।

तिनि वस्तु : तीन अमुल्य पदार्थ ।(सत्य, संतोष और अमृत रुपी परमेश्वर का नाम)

वीचारो : वीचार करो, विवेचन करो।

जिसका : जिस अमृत नाम का। सभसु : सब जीवों को आधारो–आश्रय, टेक

भावार्थ : पंचम नानक श्री गुरु अर्जुन देव जी महाराज गुरुबाणी के थाल में निहित तीन अमुल्य वस्तुओं का वर्णन करते हैं :–

इस थाल में अध्यात्मक भोजन की तीन वस्तुएं परोसी गई हैं, सत्य, सन्तोष और प्रभु का अमृत रुपी नाम ।

सतु है कुछ देना, बांटना, परोपकार व उच्च आचरण यथा :–

''सती दे संतोखी खाइ।'' इस प्रकार गुरुबाणी में सतु शब्द दान देने वाले गुणों के लिये प्रयोग किया गया है। (सतीया मनि संतोख उपजै देणे के वीचारि) अंक 466/ गुरुबाणी अनुसार परमात्मा सतु है, दाता है, सब को देने वाला है। आदि गुरु श्री गुरु नानक देव जी भी सतु पुरुष हैं, जिन्होंने अंधकार में भटक रही लोकाई

को ज्ञान का प्रकाश बांटा है। अपने सब सुख आराम छोड़ कर दुखियों और पीड़ितों के दु:ख दूर किये हैं। चार उदासियां धारण करके समस्त दीन–दुखियों (दीर्घ रोगियों) के पास पहुंच कर उन के कष्टों का निवारण किया है। इनके बाद दूसरे गुरु साहिबान ने और परोपकारी गुरु सिखों ने भी स्वयं कष्ट झेल कर और बलिदान देकर दूसरों को सुख पहुंचाने का जो मार्ग अपनाया यह सब गुण इसी अध्यात्मक थाल से ही प्राप्त किये हैं।

परोपकारी गुणों के धारनी पुरुष में संतोख का गुण भी अपने आप आ जाता है। संतोखी पुरुष सदैव भरा पूरा और सन्तुष्ट रहता है। लालसा और तृष्णा से तो वह कोसों दूर रहता है। वह हमेशा सबरशुकर की अवस्था में रहता है। राम नाम में ध्यान रखते हुए वह सदा ही सहज अवस्था में खुश–खुश, प्रसन्न चित रहता है।

महा संतोख होवै गुरबचनी प्रभु सिउ लाणै पूरन धिआन।

(अंक 682)

तीसरी वस्तु है अध्यात्मक जीवन देने वाला परमेश्वर का अमृत नाम। जिस नाम का आधार सृष्टि के समस्त जीव जन्तुओं को है। नाम के बिना जीवन अन्धकार मय है, भटकनों व उलझनों भरा है और नीरस है।

जे को खावै जे को मुंचै तिसका होइ उधारो।

इह वस्तु तजी नह जाई नित नित रखु उरधारो।

शब्दार्थ: जे को – जो कोई व्यक्ति। खावै – खाता है। भुंचै – हज़म करता है, पचाता है (इस सिद्धान्त का अमली जीवन में प्रयोग करता है) तिसका – उस मानव का। उधारो – उद्धार, पार उतारा, विकारों से बचाव, इह वस्तु : यह शुभ गुण (अमृत नाम का भोजन) तजी नहीं जाई –छोड़ी नहीं जा सकती, इस का परित्याग नहीं किया जा सकता।

रखु: सम्भाल कर रखें। नित नित हर – रोज, सदैव, हर समय। उरि – हृदय में। धारो – धारण करें, दिल में टिकायें।

भावार्थ : परमात्मा के अमृत नाम भोजन को किसी भी देश, धर्म जाति का मनुष्य खाये और पचाये (खा कर हज़म करे) अर्थात् नाम धारी व सदाचारी जीवन धारण करे तो उसका उद्धार हो जायेगा, वह विकारों से मुक्त हो जायेगा। इस भोजन (अध्यात्मक ज्ञान) का सेवन कर के इसे छोड़ा नहीं जाना चाहिये। सदैव इसे अपने हृदय में सम्भाल कर रखना होगा (इसी में ही मानव जीवन की सफलता और भलाई है)

तम संसार चरण लगि तरीअै सभु नानक ब्रह्म पसारो।

शब्दार्थः तम–अन्धकार। लगि – लग कर । सभु – हर समय, हर स्थान पर ब्रह्म पसारो : परमात्मा का विस्तार, प्रभु प्रकाश।

भावार्थ : श्री गुरु देव जी के कथन अनुसार सारा विश्व विकारों के अन्धकार में भटक रहा है। गुरु शब्द द्वारा जो मनुष्य अपने मन को प्रभु चरणों में टिका लेगा, सुरत शब्द का एकीकरण कर लेगा उसे चारों ओर परम पिता परमात्मा का ही विस्तार (प्रकाश) नज़र आयेगा। (सभु महि रव रहिआ प्रभु एको पेख पेख नानक बिगसाई)

विशेष विचार : आदि श्री गुरु ग्रंथ साहिब के अन्त में यह शब्द मुंदावणी एक अध्यात्मक बुझारत है, जो मानव मन को शान्ति, सन्तोष और हर्ष प्रदान करती है।

मुंदावणी : एक ऐसी सहित्यक रचना जिसके प्रक्ट अर्थो के अतिरिक्त कुछ निहित अर्थ भी हों। जिसके शब्दार्थ और भावार्थ भिन्न भिन्न हों। इस प्रकार की रचना के भाव अर्थो का ज्ञान होने से मन को एक विशेष प्रकार का आनन्द प्राप्त होता है।

मुंदावणी के सम अर्थो जैसा एक शब्द तृतीय नानक श्री गुरु अमर दास जी द्वारा सोरठ की वार में भी अंकित है, जो इस प्रकार हैं ।

थालै विच तै वस्तु पइओ हरि भोजन अमृत सारु।
जितु खाधै मनु तृप्तीअै पाईअै मोख दुआरु।
इहु भोजन अलभु है संतहु लभै गुर वीचारि।
इह मुंदवारणी किउ विचहु कढीअै सदा रखीअै उरिधार।
इह मुंदवाणी सतिगुरु पाई गुरसिखा लधी भालि।
नानक जिस बुझाए सो बुझसी हरि पाइआ गुरमुखि घाल।

तीसरे गुरु श्री गुरुदेव जी इस शब्द द्वारा समझा रहे हैं कि एक थाल में तीन दैवी भोजन परोस रखे हैं जो कि एक आध्यात्मक खुराक है। इस भोजन को खाने वाले का मन तृप्त हो जाता है और उसे मोक्ष का द्वार भी प्राप्त हो जाता है। ऐ सन्त जनों! यह एक बुझारत है। इस में बताये तीनों पदार्थ गुप्त हैं। गुरु द्वारा दिये गये ज्ञान के वीचार से ही इनके रहस्य को जाना जा सकता है। सतिगुरु के सच्चे सिख ही, जो गुरुबाणी को ध्यान पूर्वक, समझ कर पढ़ते हैं वही इस मुंदवाणी (बुझारत) के अर्थ भाव समझ पाते हैं। इस मुंदावणी को समझ बूझ हर हृदय में बसा लो। इसे भुलाना कदाचित नहीं।

श्री गुरु अर्जुन देव जी ने तीसरे नानक श्री गुरु अमर दास जी द्वारा रचित मुंदावणी के रहस्य को समझा और प्राणी मात्र को इसे समझने हेतु श्री गुरु ग्रंथ साहिब के अन्त में इसका अपने ढंग से वर्णन किया यथा : गुरुबाणी रुपी थाल में तीन खाद्य वस्तुएं निहित हैं। 1. सतु 2. संतोख 3. परमेश्वर का अमृत नाम। वीचारो! सम्बोधन है कि इस पर वीचार करो। इस दैवी थाल के अध्यात्मक भोजन को जो भी खायेगा और हज़म करेगा (भुंचेगा) अर्थात् तीनो गुणों को जो भी मनुष्य अपने क्रियात्मक (अमली) जीवन में धारण करेगाा उस का उद्धार होना निश्चित है। यहां देश, धर्म, जाति, रंग, नसल अमीर व गरीब का कोई प्रश्न नहीं है। जो भी अपरोक्त ज्ञान का अनुसरण करेगा उसका पार उतारा हो जायेगा। विशेष दृष्टि कोण :- इस शब्द में निहित भाव को केवल वही मानव समझे बूझेगा जिसको परमात्मा आप गुरु द्वारा सोझी करायेगा (ज्ञान देगा)। गुरु जी का फरमान है कि सारा ग्रंथ (बाणी) एक पवित्र और सुनहरी थाल है। जिसमें परमेश्वर सूक्षम रूप में स्वयं निवास करता है, अर्थात गुरु शब्द में व्यापक है। उसे पाने के लिए शब्द की खोज ही एक मात्र साधन है।

यथा :- जो प्रभु को मिलबो चहै खोज शब्द में लेह।

इस प्रकार शब्द की खोज से ही परम पिता प्रमात्मा से मिलाप हो सकेगा।संतोष से ही तृष्णा, पंच दोख (काम, क्रोध, लोभ, मोह, अंहकार) आदि सभी विकारों का अन्त हो जाता है और मन में शान्ति, सहज और टिकाव आ जाता है। यथा :- तृष्णा बुझी हरि के नाम !

महा संतोख होवै गुर बचनी प्रभु सिउ लागै पूरन धिआनु (अंक 682) इस प्रकार इस महान अध्यात्मक थाल में सतु के बाद संतोख भी है। एक बार फिर वीचारिये और समझिये कि सतु-संतोख दो पावन पदार्थो के अतिरिक्त एक तीसरा अमुल्य पदार्थ भी है ''अमृत नाक ठाकुर का''।

ठाकुर का अमृत नाम गुरुबाणी के एक एक अक्षर में समाया हुआ है। इस लिये सतु संतोख और प्रभु के अमृत नाम भोजन पदार्थ को जो भी खायेगा और भुंचेगा विकारों से भरे भव सागर से उस का उद्धार होना निश्चित है। यह पूर्ण विश्वास श्री गुरु अर्जुन देव जी महाराज हमें मुंदावणी द्वारा दिला रहे हैं।

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਦਫ਼ਤਰ ਇੰਚਾਰਜ : ਬੀਬੀ ਸਿਲਵੰਤ ਕੌਰ

ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ),

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ । ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ ।

## ਵਰ ਦੀ ਲੋੜ

1. ਜੱਟ ਸਿੱਖ ਢਿੱਲੋਂ, B.A.II, 20 ਸਾਲ 5'2" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1334)
2. ਅਰੋੜਾ ਸਿੱਖ ਗੁੰਬਰ, M.A. Eco., B.Ed., 24 ਸਾਲ, 4' 11" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1335)
3. ਅਰੋੜਾ ਸਿੱਖ ਚੱਢਾ ,B.Tech, Computer Science, 25 ਸਾਲ, 5'4" ਲੜਕੀ ਲਈ ਯੋਗ ਵਰ ਦੀ ਲੋੜ ਹੈ। ( Box No. 1336)
4. ਹਿੰਦੂ ਸ਼ਰਮਾ, B.A. ,24 ਸਾਲ, 5'2" ਲੜਕੀ ਲਈ ਯੋਗ ਵਰ ਦੀ ਲੋੜ ਹੈ। ( Box No. 1337)

## ਕੰਨਿਆ ਦੀ ਲੋੜ

1. ਅਰੋੜਾ ਸਿੱਖ ਡੰਗ, +2, 24 ਸਾਲ, 5'8" (ਹਰਿਆਣਾ ਪੁਲੀਸ ਵਿੱਚ ਨੌਕਰੀ)ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3255)
2. ਅਰੋੜਾ ਸਿੱਖ ਟੱਕਰ, M.Com.,M.Sc.in computer, 30 ਸਾਲ, 5'5" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3256)
3. ਅਰੋੜਾ ਸਿੱਖ ਅਨੇਜਾ, B.A., 28 ਸਾਲ, 5' 8" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3257)
4. ਅਰੋੜਾ ਸਿੱਖ ਗੁੰਬਰ , B.Com., 27 ਸਾਲ, 5'8" ਲੜਕੇ ( HDFC ਵਿੱਚ ਨੌਕਰੀ)ਲਈ ਯੋਗ ਕੰਨਿਆ ਦੀ ਲੋੜ ਹੈ। (Box No. 3258)

ਸ਼੍ਰੀਮਾਨ ਸੰਤ ਬਾਬਾ ਕਾਹਨ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਜੂਨ 2008 ਨੂੰ ਜਾਰੀ ਕੀਤਾ ।

Bhai Kanhaiya Sewa Joti (Monthly) R.N.I. Regd. No. 046716/84
Postal Regd. No. PB/BTI-1002/2006-2008, Dt. 30-12-2005

ੜਾ (ਪੰਜਾਬ)

ਪੱਤਰ ਕਰਨ
ਟਰਡ ਪੱਤਰ
ੀ ਦਾ ਰਿਸ਼ਤਾ
ੀ।

ox No. 1334)
ਗ ਵਰ ਦੀ ਲੋੜ
ox No. 1335)
ੜਕੀ ਲਈ ਯੋਗ
ox No. 1336)
ox No. 1337)

ੜਕੇ ਲਈ ਯੋਗ
Box No. 3255)
ਕੇ ਲਈ ਯੋਗ
Box No. 3256)
ੜ ਹੈ।
Box No. 3257)
ਕਰੀ)ਲਈ ਯੋਗ
Box No. 3258)

ਛਪਵਾ ਕੇ 'ਭਾਈ
ਾਣਾ ਮੰਡੀ, ਜ਼ਿਲ੍ਹਾ

No. 046716/84



# ਜਾਗ੍ਰਤੀ ਨਗਰ ਕੀਰਤਨ 300 ਸਾਲਾਂ ਗੁਰਤਾ ਗੱਦੀ ਸਬੰਧੀ ਸ਼੍ਰੀ ਹਜ਼ੂਰ ਸਾਹਿਬ, ਨਾਂਦੇੜ ਮਿਤੀ 4 ਮਈ, 2008 ਅਤੇ ਦਮਦਮਾ ਸਾਹਿਬ ਤਲਵੰਡੀ ਸਾਬੋ ਮਿਤੀ 15 ਮਈ, 2008 ਦੀਆਂ ਝਲਕੀਆਂ

ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ ਜੀ ਨੰਦਗੜ੍ਹ ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਅਗਵਾਈ ਹੇਠ ਮਿਤੀ 15 ਮਈ, 2008 ਨੂੰ ਜਾਗ੍ਰਤੀ ਨਗਰ ਕੀਰਤਨ ਨਿਕਲਿਆ ਮਹੰਤ ਕਾਹਨ ਸਿੰਘ ਜੀ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਸਵਾਗਤ ਕਰਦੇ ਹੋਏ।









ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ 300 ਸਾਲਾਂ ਗੁਰਤਾ ਗੱਦੀ ਸਬੰਧੀ ਜਾਗ੍ਰਤੀ ਨਗਰ ਕੀਰਤਨ ਮਿਤੀ 4 ਮਈ, 2008 ਨੂੰ ਭਾਈ ਘਨੱਈਆਂ ਚੌਂਕ ਬਠਿੰਡਾ ਵਿਖੇ ਪਹੁੰਚਿਆ। ਗੋਨਿਆਣਾ ਭਾਈ ਜਗਤਾ ਜੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ ਤੇ ਠੰਡੇ ਮਿੱਠੇ ਜਲ ਦੀ ਸੇਵਾ ਕੀਤੀ ਗਈ।

Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005

ਹੋਣਹਾਰ ਬੱਚਿਆਂ ਦੇ ਮਾਪਿਆਂ ਨੂੰ ਬਹੁਤ-ਬਹੁਤ ਵਧਾਈਆਂ

# SRI GURU HARKRISHAN PUBLIC SCHOOL

NEAR SPORTS STADIUM, BATHINDA. Ph. : 2240806

## AISSE (X) C.B.S.E. 2008 SPARKLING ACHIEVERS PAR EXCELLENCE



Shubhpreet Kaur 93.8% | Sumanpreet Kaur 92% | Inderpreet Kaur 91.2% | Harinder Kaur 90.6% | Pankuri Singla 90.2% | Sidharth Mukhija 89.2%



Lovjyot Kaur 88% | Jasbir Singh Sidhu 88% | Rupinder Kaur 86.8% | Kamaldeep Singh 85.4% | Aakansh Sharma 84.8% | Dilpreet Singh Gill 84.8%



Harpeet Kaur 84.2% | Pawandeep Singh 84.2% | Gurpreet Singh Duggal 84% | Tejinder Singh 83.6% | Tejveer Singh 83.6% | Pooja Jaura 83.4%



Ranbir Singh 83% | Arniv Sharda 83% | Navdeep Singh Sidhu 83% | Amandeep Kaur 82.8% | Divjot Kaur 80.8% | Harsimran Singh Gill 80.4%



Preetinder Kaur 80.2% | Sandeep Singh 80.2% | Gurpreet Sidhu 80%

## HIGHLIGHTS

| | |
|---|---|
| Students – Appeared | 112 |
| Students – Pass | 112 |
| No. of Students scoring above 80% | 27 |
| No. of Students scoring 1st Divisions | 75 |

ਵੱਲੋਂ :-

**Mahant Kahan Singh Ji**
Sewa Panthi Hon'ble Chairman

**Er. H. S. Sandhu**
Hony. Secretary, Trust & School

**S. H. S. Mokha**
Asstt. Secretary

**S. Bhag Singh**
Ex. Deputy DEO, Ex-Director, SGHPS

**S. Jaswinder Singh**
Principal
M.A., B.Ed., PGDELT, TKT (Cambridge ESOL)